# ECHO OF HIS CALL

# ਬੁਲਾਵੇ ਦੀ ਗਜ

PUNJABI

₹ 10/-

ECHO OF HIS CALL 1969-2019 GOLDEN JUBILEE (ECHO GROUP)

**India's National Spiritual Newspaper**

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Bro. Ashish Ramesh Baldhari

VOL. XXII | YEAR OF OUR LORD JESUS CHRIST, MARCH 2022 | No. 10


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 97:1-9

1 ਯਹੋਵਾਹ ਰਾਜ ਕਰਦਾ ਹੈ, ਧਰਤੀ ਖੁਸ਼ ਹੋਵੇ,
ਟਾਪੂ ਜਿਹੜੇ ਬਹੁਤ ਸਾਰੇ ਹਨ ਅਨੰਦ ਹੋਣ!
2 ਬੱਦਲ ਅਤੇ ਅਨ੍ਹੇਰਾ ਉਹ ਦੇ ਆਲੇ ਦੁਆਲੇ
ਹਨ, ਧਰਮ ਅਤੇ ਨਿਆਉਂ ਉਹ ਦੀ ਰਾਜ ਗੱਦੀ
ਦੀ ਨੀਂਹ ਹਨ।
3 ਅੱਗ ਉਹ ਦੇ ਅੱਗੇ ਅੱਗੇ ਚੱਲਦੀ ਹੈ, ਅਤੇ
ਉਹ ਦੇ ਵਿਰੋਧੀਆਂ ਨੂੰ ਚੁਫੇਰਿਓਂ ਭਸਮ ਕਰ
ਦਿੰਦੀ ਹੈ।
4 ਉਹ ਦੀਆਂ ਬਿਜਲੀਆਂ ਜਗਤ ਨੂੰ
ਲਿਸ਼ਕਾਉਂਦੀਆਂ ਹਨ, ਧਰਤੀ ਵੇਖ ਕੇ ਕੰਬ
ਉੱਠਦੀ ਹੈ!
5 ਯਹੋਵਾਹ ਦੀ ਹਜ਼ੂਰੀ ਵਿੱਚ ਪਹਾੜ ਮੋਮ ਵਾਂਙੁ
ਪੰਘਰ ਜਾਂਦੇ ਹਨ, ਹਾਂ, ਸਾਰੀ ਧਰਤੀ ਦੇ ਪ੍ਰਭੂ ਦੀ
ਹਜ਼ੂਰੀ ਵਿੱਚ!
6 ਅਕਾਸ਼ ਉਹ ਦੇ ਧਰਮ ਦਾ ਨਿਰਨਾ ਕਰਦੇ ਹਨ,
ਅਤੇ ਸਾਰੇ ਲੋਕ ਉਹ ਦਾ ਪਰਤਾਪ ਵੇਖਦੇ ਹਨ।
7 ਉੱਕਰੀਆਂ ਹੋਈਆਂ ਮੂਰਤਾਂ ਦੇ ਸਾਰੇ ਪੁਜਾਰੀ,
ਜਿਹੜੇ ਬੁੱਤਾਂ ਉੱਤੇ ਫੁੱਲਦੇ ਹਨ ਸ਼ਰਮਿੰਦੇ ਹੋਣ,
ਸਾਰੇ ਦਿਉਂਤੇ ਉਹ ਨੂੰ ਮੱਥਾ ਟੇਕਣ!
8 ਹੇ ਯਹੋਵਾਹ, ਤੇਰਿਆਂ ਨਿਆਵਾਂ ਦੇ ਕਾਰਨ,
ਸੀਯੋਨ ਨੇ ਸੁਣਿਆ ਅਤੇ ਅਨੰਦ ਹੋਇਆ, ਅਤੇ
ਯਹੂਦਾਹ ਦੀਆਂ ਧੀਆਂ
ਨੇ ਖੁਸ਼ੀ ਮਨਾਈ।
9 ਸਾਰੀ ਧਰਤੀ ਉੱਤੇ, ਹੇ ਯਹੋਵਾਹ, ਤੂੰ ਤਾਂ ਅੱਤ
ਮਹਾਨ ਹੈਂ, ਤੂੰ ਸਾਰਿਆਂ ਦਿਓਤਿਆਂ ਨਾਲੋਂ ਬਹੁਤ
ਮਹਾਨ ਹੈਂ!

## ਅੰਗੂਰ, ਅੰਜੀਰ ਅਤੇ ਜੈਤੂਨ!

### (The Vine, the Fig and the Olive !)


ਬ੍ਰ. ਐੱਮ. ਪੌਲਰਾਜ




ਜਿਵੇਂ ਕਿ ਝੋਨਾ, ਨਾਰੀਅਲ ਅਤੇ ਕੇਲਾ ਤਾਮਿਲਨਾਡੂ ਦੇ ਲੋਕਾਂ ਦੇ ਜੀਵਨ ਨਾਲ ਬਹੁਤ ਜੁੜੇ ਹੋਏ ਹਨ ਓਵੇਂ ਹੀ ਇਸਰਾਏਲੀ ਲੋਕਾਂ ਦੇ ਜੀਵਨ ਨਾਲ ਵੀ ਤਿੰਨ ਪੌਦੇ/ਰੁੱਖ ਬਹੁਤ ਜੁੜੇ ਹੋਏ ਹਨ । ਇਜ਼ਰਾਈਲ ਪਹਾੜੀਆਂ ਅਤੇ ਵਾਦੀਆਂ ਦਾ ਦੇਸ਼ ਹੈ, ਜੋ ਅਕਾਸ਼ ਦੇ ਮੀਂਹ ਦਾ ਪਾਣੀ ਪੀਂਦਾ ਹੈ। ਪਰ ਮਿਸਰ ਦੀ ਧਰਤੀ ਵਿਚ ਅਜਿਹਾ ਨਹੀਂ ਹੈ, ਜਿੱਥੇ ਇਸਰਾਏਲੀ 430 ਸਾਲਾਂ ਤਕ ਗੁਲਾਮ ਰਹੇ। ਮਿਸਰ ਵਿਚ, ਇਸਰਾਏਲੀਆਂ ਨੇ ਆਪਣਾ ਬੀਜ ਬੀਜਿਆ ਅਤੇ ਸਬਜ਼ੀਆਂ ਦੇ ਬਾਗ ਵਜੋਂ ਇਸ ਨੂੰ ਪੈਰਾਂ ਦੁਆਰਾ ਸਿੰਜਿਆ। ਉੱਥੇ ਦੀ ਜ਼ਮੀਨ ਨੀਲ ਨਦੀ ਦੁਆਰਾ ਸਿੰਜੀ ਜਾਂਦੀ ਹੈ! (ਬਿਵਸਥਾ ਸਾਰ 11:10,11)।

ਅੱਗੇ ਲਿਖੇ ਤਿੰਨ ਪੌਦੇ/ਰੁੱਖ ਇਜ਼ਰਾਈਲ ਦੀ ਧਰਤੀ ਦੀ ਪ੍ਰਮੁੱਖ ਉਪਜ ਹਨ। ਇਹ ਸਪੱਸ਼ਟ ਹੈ ਕਿ ਹਬੱਕੂਕ ਦੀ ਕਿਤਾਬ ਵਿੱਚ, ਨਬੀ ਨੇ ਐਲਾਨ ਕੀਤਾ ਹੈ ਕਿ, "ਭਾਵੇਂ ਅੰਜੀਰ ਦਾ ਬਿਰਛ ਨਾ ਫਲੇ ਫੁੱਲੇ, ਨਾ ਅੰਗੂਰੀ ਅੰਗੂਰਾਂ ਉੱਤੇ ਫਲ ਹੋਵੇ, ਭਾਵੇਂ ਜ਼ੈਤੂਨ ਦੇ ਬਿਰਛ ਦਾ ਹਾਸਲ ਘਟੇ,......ਤਾਂ ਵੀ ਮੈਂ ਯਹੋਵਾਹ ਵਿੱਚ ਬਾਗ-ਬਾਗ ਹੋਵਾਂਗਾ, ਮੈਂ ਆਪਣੇ ਮੁਕਤੀ ਦਾਤੇ ਪਰਮੇਸ਼ੁਰ ਵਿੱਚ ਖੁਸ਼ੀ ਮਨਾਵਾਂਗਾ।" (ਹਬੱਕੂਕ 3:17,18)। ਉਸਦਾ ਐਲਾਨ ਇਹ ਸੀ ਕਿ ਜੇ ਅੰਗੂਰ, ਅੰਜੀਰ ਅਤੇ ਜੈਤੂਨ ਸਮੇਤ ਧਰਤੀ ਦੇ ਜੀਵਨ ਅਤੇ ਆਰਥਿਕਤਾ ਨੂੰ ਕਾਇਮ ਰੱਖਣ ਵਾਲਾ ਸਭ ਕੁਝ ਅਸਫਲ ਵੀ ਹੋ ਜਾਵੇ, ਤਾਂ ਵੀ ਉਹ ਪ੍ਰਭੂ ਵਿੱਚ ਖੁਸ਼ ਹੋਵੇਗਾ। ਇਹ ਰੁੱਖ ਅਤੇ ਪੌਦੇ ਇਜ਼ਰਾਈਲ ਵਿੱਚ ਜੀਵਨ ਨੂੰ ਕਾਇਮ ਰੱਖਦੇ ਹਨ!

ਯਿਸੂ ਮਸੀਹ ਨੇ ਆਪਣੀ ਸੇਵਕਾਈ ਦੌਰਾਨ, ਅਕਸਰ ਆਪਣੇ ਉਪਦੇਸ਼ਾਂ ਵਿੱਚ ਇਹਨਾਂ ਪੌਦਿਆਂ/ਰੁੱਖਾਂ ਦਾ ਹਵਾਲਾ ਦਿੱਤਾ। ਯਿਸੂ ਨੇ ਕਿਹਾ, "ਅੰਗੂਰ ਦੀ ਬੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। ਜੋ ਮੇਰੇ ਵਿੱਚ ਰਹਿੰਦਾ ਹੈ ਅਤੇ ਮੈਂ ਉਸ ਵਿੱਚ ਸੋਈ ਬਹੁਤਾ ਫਲ ਦਿੰਦਾ ਹੈ ਕਿਉਂ ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸੱਕਦੇ।" (ਯੂਹੰਨਾ 15:5)। ਅੰਗੂਰ ਇਜ਼ਰਾਈਲ ਦੇ ਵਿਆਹ ਵਾਲੇ ਘਰਾਂ ਵਿੱਚ ਇੱਕ ਮਹੱਤਵਪੂਰਣ ਵਿਅੰਜਨ ਸੀ ਜਿਵੇਂ ਕਿ ਅਸੀਂ ਕਾਨਾ ਵਿੱਚ ਹੋਏ ਵਿਆਹ ਵਿੱਚ ਦੇਖਦੇ ਹਾਂ, ਜਿੱਥੇ ਯਿਸੂ ਦੀ ਮਾਤਾ, ਯਿਸੂ ਅਤੇ ਉਸਦੇ ਚੇਲਿਆਂ ਨੂੰ ਸੱਦਾ ਦਿੱਤਾ ਗਿਆ ਸੀ (ਯੂਹੰਨਾ 2:1,2)। ਮੱਤੀ 24:32 ਵਿੱਚ ਅਸੀਂ ਯਿਸੂ ਦੇ ਸ਼ਬਦਾਂ ਵਿੱਚ ਦੇਖਦੇ ਹਾਂ ਅੰਜੀਰ ਦੇ ਰੁੱਖ ਉੱਤੇ ਕੋਮਲ ਪੱਤਿਆਂ ਦਾ ਆਉਣਾ ਗਰਮੀਆਂ ਦੇ ਆਉਣ ਦਾ ਸੰਕੇਤ ਸੀ। ਜਦੋਂ ਨੂਹ ਨੇ ਘੁੱਗੀ ਨੂੰ ਦੂਸਰੀ ਵਾਰ ਭੇਜਿਆ, ਤਾਂ ਉਹ ਆਪਣੇ ਮੂੰਹ ਵਿਚ ਜ਼ੈਤੂਨ ਦਾ ਇਕ ਤਾਜ਼ਾ ਪੱਤਾ ਲਿਆਈ, ਜਿਸ ਤੋਂ ਪਤਾ ਲੱਗਦਾ ਹੈ ਕਿ ਧਰਤੀ ਤੋਂ ਪਾਣੀ ਖ਼ਤਮ ਹੋ ਗਿਆ ਸੀ! (ਉਤਪਤ 8:11)। ਰਾਤ ਦਾ ਖਾਣਾ ਖਾਣ ਤੋਂ ਬਾਅਦ, ਯਿਸੂ ਅਤੇ ਉਸਦੇ ਚੇਲਿਆਂ ਨੇ ਇੱਕ ਭਜਨ ਗਾਇਆ ਅਤੇ ਜੈਤੂਨ ਦੇ ਪਹਾੜ ਨੂੰ ਤੁੱਰ ਪਿਆ (ਮਰਕੁਸ 14:26)। ਇਸ ਲਈ, ਅੰਗੂਰ, ਅੰਜੀਰ ਅਤੇ ਜੈਤੂਨ ਇਸਰਾਏਲ ਦੇ ਲੋਕਾਂ ਦੇ ਜੀਵਨ ਵਿੱਚ


(ਚਲਦਾ ਸਫਾ 3-)

# ECHO OF HIS CALL - (1969-2019 GOLDEN JUBILEE YEAR)

## *from your dearly beloved brother...*

(ECHO GROUP)





**ਸਾਡੀ ਮਿਸ਼ਨ ਨੀਤੀ**

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ


**CHIEF EDITOR**
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th., M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M.Phil., B.Ed.

**EDITOR, PUBLISHER & PRINTER**
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 95661 31858

**E.mail ID**
sam@echoofhiscall.org
biblecor@yahoo.co.in

**WEBSITES**
www.echoofhiscall.org
www.stpaulsmatriculation.com

**YOUTUBE CHANNEL**
Echo of His Call


**"ਮੈਂ ਤੈਨੂੰ ਧਰਤੀ ਦੀਆਂ ਉਚਿਆਈਆਂ ਤੇ ਚੜ੍ਹਾਵਾਂਗਾ, ਮੈਂ ਤੇਰੇ ਪਿਤਾ ਯਾਕੂਬ ਦਾ ਵਿਰਸਾ ਤੈਨੂੰ ਖਵਾਵਾਂਗਾ, ਕਿਉਂ ਜੋ ਇਹ ਯਹੋਵਾਹ ਦਾ ਮੁੱਖ ਵਾਕ ਹੈ" (ਯਸਾਯਾਹ 58:14)**

ਮਸੀਹ ਵਿੱਚ ਪਿਆਰੇ ਦੋਸਤੋ,

ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਬੇਮਿਸਾਲ ਨਾਮ ਵਿੱਚ ਪਿਆਰ ਭਰੀਆਂ ਸ਼ੁਭਕਾਮਨਾਵਾਂ।

ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਅਤੇ ਤੁਹਾਡੇ ਅਜ਼ੀਜ਼, ਪਰਮੇਸ਼ੁਰ ਦੀ ਕਿਰਪਾ ਨਾਲ ਚੰਗੇ ਹੋ। ਮੈਂ ਅਤੇ ਮੇਰੇ ਸਹਿ-ਕਰਮਚਾਰੀ ਤੁਹਾਨੂੰ ਅਤੇ ਤੁਹਾਡੀਆਂ ਜ਼ਰੂਰਤਾਂ ਨੂੰ ਹਰ ਰੋਜ਼ ਕਿਰਪਾ ਦੇ ਸਿੰਘਾਸਣ ਦੇ ਅੱਗੇ ਚੁੱਕਦੇ ਹਾਂ। ਅਸੀਂ ਜਾਣਦੇ ਹਾਂ ਕਿ ਤੁਹਾਨੂੰ ਪਰਮੇਸ਼ੁਰ ਦੀ ਵਿਸ਼ੇਸ਼ ਸੁਰੱਖਿਆ ਦੀ ਲੋੜ ਹੈ ਕਿਉਂਕਿ ਪੂਰੀ ਦੁਨੀਆ ਵਿੱਚ ਵੱਡੀ ਤਬਾਹੀ ਮਚੀ ਹੋਈ ਹੈ। ਸਭ ਦੇਸ਼ਾਂ ਦੇ ਲੋਕ ਬਹੁਤ ਡਰ ਦੇ ਸਾਏ ਹੇਠ ਜੀਅ ਰਹੇ ਹਨ।

ਹਰ ਰੋਜ਼ ਸਾਨੂੰ ਕਈ ਭੈਣਾਂ-ਭਰਾਵਾਂ ਤੋਂ ਪ੍ਰਾਰਥਨਾਵਾਂ ਦੀਆਂ ਬੇਨਤੀਆਂ ਪ੍ਰਾਪਤ ਹੁੰਦੀਆਂ ਹਨ। ਅਸੀਂ ਪੋਸਟ ਕਾਰਡ, ਫ਼ੋਨ ਕਾਲ, ਚਿੱਠੀ, ਈਮੇਲ ਆਦਿ ਰਾਹੀਂ ਸਾਡੇ ਦਫ਼ਤਰ ਵਿੱਚ ਪ੍ਰਾਪਤ ਹੋਈ ਕਿਸੇ ਵੀ ਪ੍ਰਾਰਥਨਾ ਦੀ ਬੇਨਤੀ ਨੂੰ ਨਜ਼ਰਅੰਦਾਜ਼ ਨਹੀਂ ਕਰਦੇ ਅਰ ਉਨ੍ਹਾਂ ਸਭਨਾਂ ਲਈ ਪ੍ਰਾਰਥਨਾ ਕਰਦੇ ਹਾਂ। ਪਰਮੇਸ਼ੁਰ ਤੁਹਾਡੇ ਵਰਗੇ ਸਾਰੇ ਭੈਣਾਂ-ਭਰਾਵਾਂ ਦੀ ਜ਼ਿੰਦਗੀ ਵਿੱਚ ਕੰਮ ਕਰ ਰਿਹਾ ਹੈ।

ਡਰ ਅਤੇ ਪੂਰੀ ਦੁਨੀਆ ਵਿਚ ਫੈਲੇ ਵਾਇਰਸ ਬੁਖਾਰ ਦੇ ਨਤੀਜਿਆਂ ਕਾਰਨ, ਵੱਡੀ ਗਿਣਤੀ ਵਿਚ ਰੱਬ ਦੇ ਸੇਵਕਾਂ ਅਤੇ ਵਿਸ਼ਵਾਸੀਆਂ ਨੇ ਵੀ ਆਪਣੀ ਅਧਿਆਤਮਿਕ ਰਫ਼ਤਾਰ ਨੂੰ ਘਟਾ ਦਿੱਤਾ ਹੈ। ਕੀ ਤੁਸੀਂ ਵੀ ਉਨ੍ਹਾਂ ਵਿੱਚੋਂ ਇੱਕ ਹੋ?

ਇਹ ਠੀਕ ਨਹੀਂ ਹੈ। ਤੁਹਾਨੂੰ ਅਤੀਤ ਵਿੱਚ ਪ੍ਰਾਰਥਨਾ ਦੁਆਰਾ ਤੁਹਾਡੇ ਜੀਵਨ ਵਿੱਚ ਵਾਪਰੀਆਂ ਸ਼ਾਨਦਾਰ ਚੀਜ਼ਾਂ ਬਾਰੇ ਸੋਚਣਾ ਚਾਹੀਦਾ ਹੈ। ਹੋ ਸਕਦਾ ਹੈ ਕਿ ਤੁਸੀਂ ਆਪਣੀ ਪ੍ਰਾਰਥਨਾਹੀਣਤਾ, ਆਪਣੇ ਚਰਚ ਅਤੇ ਆਪਣੇ ਪਾਦਰੀ ਦੀ ਅਣਦੇਖੀ ਕਰਕੇ, ਆਪਣੇ ਦਸਵੰਧ ਅਤੇ ਭੇਟਾਂ ਵਿੱਚ ਬੇਈਮਾਨੀ ਆਦਿ ਦੁਆਰਾ, ਆਪਣੇ ਰੱਖਿਅਕ ਯਿਸੂ ਮਸੀਹ ਨੂੰ ਉਦਾਸ ਕੀਤਾ ਹੋਵੇ ਜਾਂ ਧੋਖਾ ਦਿੱਤਾ ਹੋਵੇ। ਹੁਣ ਪ੍ਰਭੂ ਪਰਮੇਸ਼ੁਰ ਇਸ ਸੰਦੇਸ਼ ਦੁਆਰਾ ਤੁਹਾਡੇ ਹਲਾਤਾਂ ਤੋਂ ਉੱਪਰ ਉੱਠ ਕੇ ਅੱਗੇ ਵਧਣ ਲਈ ਤੁਹਾਡੀ ਆਤਮਾ ਨੂੰ ਪ੍ਰੇਰ ਰਿਹਾ ਹੈ।

ਕਿਰਪਾ ਕਰਕੇ ਧੰਨਵਾਦੀ ਹਿਰਦੇ ਨਾਲ ਆਪਣੀਆਂ ਅਧਿਆਤਮਿਕ ਗਤੀਵਿਧੀਆਂ ਨੂੰ ਦੁਬਾਰਾ ਸ਼ੁਰੂ ਕਰੋ ਕਿਉਂਕਿ ਪਰਮੇਸ਼ੁਰ ਨੇ ਤੁਹਾਡੀ ਜ਼ਿੰਦਗੀ ਨੂੰ ਇਸ ਸੰਸਾਰ ਦੇ ਖ਼ਤਰਿਆਂ ਤੋਂ ਬਚਾਇਆ ਹੈ। ਉਹ ਤੁਹਾਡੀਆਂ ਸਾਰੀਆਂ ਲੋੜਾਂ ਜ਼ਰੂਰ ਪੂਰੀਆਂ ਕਰੇਗਾ। ਉਹ ਆਉਣ ਵਾਲੇ ਦਿਨਾਂ ਵਿੱਚ ਵੀ ਇੱਕ ਫਲਦਾਇਕ ਜੀਵਨ ਜਿਉਣ ਲਈ ਤੁਹਾਡੀ ਅਗਵਾਈ ਕਰੇਗਾ। ਅਸੀਂ ਆਪਣੀਆਂ ਪ੍ਰਾਰਥਨਾਵਾਂ ਰਾਹੀਂ ਤੁਹਾਨੂੰ ਚੇਤੇ ਰੱਖਦੇ ਹਾਂ।

ਸੰਸਾਰ ਦੀਆਂ ਸਾਰੀਆਂ ਘਟਨਾਵਾਂ ਵਿਖਾ ਰਹੀਆਂ ਹਨ ਕਿ ਸੰਸਾਰ ਦਾ ਨਿਆਂ ਕਰਨ ਲਈ ਪ੍ਰਭੂ ਯਿਸੂ ਮਸੀਹ ਦੀ ਆਮਦ ਬਹੁਤ ਨੇੜੇ ਹੈ। ਸਾਡੇ ਵਿੱਚੋਂ ਹਰ ਇੱਕ ਨੂੰ ਨਿਆਂ ਲਈ ਪਰਮੇਸ਼ੁਰ ਦੇ ਸਾਮ੍ਹਣੇ ਖੜ੍ਹਾ ਹੋਣਾ ਪਵੇਗਾ। ਪ੍ਰਭੂ ਯਿਸੂ ਮਸੀਹ ਲਈ ਵਫ਼ਾਦਾਰ ਜੀਵਨ ਜਿਉਣ ਲਈ ਵਚਨਬੱਧ ਬਣੋ। ਪਰਮੇਸ਼ੁਰ ਤੁਹਾਨੂੰ ਲੋੜੀਂਦੀ ਕਿਰਪਾ ਦੇਵੇ।

ਕਿਰਪਾ ਕਰਕੇ ਬੁਲਾਵੇ ਦੀ ਗੂੰਜ ਸੇਵਕਾਈਆਂ ਲਈ ਪ੍ਰਾਰਥਨਾ ਅਤੇ ਸਮਰਥਨ ਕਰਨਾ ਜਾਰੀ ਰੱਖੋ। ਦਰਅਸਲ, ਇਹ ਢੁੱਕਵਾਂ ਸਮਾਂ ਹੈ ਜਦੋਂ ਸਾਨੂੰ ਤੁਹਾਡੀਆਂ ਦੁਆਵਾਂ ਅਤੇ ਸਹਿਯੋਗ ਦੀ ਬਹੁਤ ਲੋੜ ਹੈ। ਅਸੀਂ ਆਪਣੇ ਪਿਆਰੇ ਸਹਿ-ਕਰਮਚਾਰੀਆਂ ਬ੍ਰ. ਐੱਮ. ਪੌਲਰਾਜ ਅਤੇ ਪਾਸਟਰ ਐੱਮ. ਮੁੱਥੂ ਲਈ ਉਹਨਾਂ ਦੀਆਂ ਬਿਮਾਰੀਆਂ ਤੋਂ ਜਲਦੀ ਠੀਕ ਹੋਣ ਲਈ ਤੁਹਾਡੀਆਂ ਵਿਸ਼ੇਸ਼ ਪ੍ਰਾਰਥਨਾਵਾਂ ਦੀ ਮੰਗ ਕਰਦੇ ਹਾਂ।

ਮੌਜੂਦਾ ਦੌਰ ਵਿੱਚ ਸਾਡੇ ਚਰਚ, ਸਕੂਲ, ਰਿਹਾਇਸ਼ੀ ਬਾਈਬਲ ਕਾਲਜ ਹਾਲੇ ਸ਼ੁਰੂ ਨਹੀਂ ਹੋਏ। ਕਿਰਪਾ ਕਰਕੇ ਵਾਇਰਸ ਬੁਖਾਰ ਦੇ ਖਾਤਮੇ ਅਤੇ ਦੁਨੀਆ ਦੇ ਸਾਰੇ ਦੇਸ਼ਾਂ ਦੇ ਲੋਕਾਂ ਦੀ ਬਹਾਲੀ ਲਈ ਪ੍ਰਾਰਥਨਾ ਕਰੋ।

**Our Ministries:** ECHO OF HIS CALL Monthly Magazines (16 languages) · BIBLECOR - Postal Courses (3 languages) · Online Courses · Theological Correspondence Courses (2 languages) · Church Planting · Nehemiah Bible Colleges · Gospel Printing Press · Great Commission Partners · St. Paul's Matriculation School · Crusades · Community Development

ਜੇਕਰ ਤੁਹਾਨੂੰ ਸਮਾਂ ਮਿਲਦਾ ਹੈ, ਤਾਂ ਤੁਸੀਂ ਸਾਡੇ ਯੂ ਟਿਊਬ ਚੈਨਲ Echo of His Call ਨੂੰ ਵੇਖ ਕੇ ਤਾਜ਼ਾ ਖ਼ਬਰਾਂ ਪ੍ਰਾਪਤ ਕਰ ਸਕਦੇ ਹੋ। ਅਸੀਂ ਤੁਹਾਨੂੰ ਬਹੁਤ ਪਿਆਰ ਕਰਦੇ ਹਾਂ ਅਤੇ ਤੁਹਾਡੀ ਭਲਾਈ ਦੀ ਕਾਮਨਾ ਕਰਦੇ ਹਾਂ।

ਪਰਮੇਸ਼ੁਰ ਤੁਹਾਡਾ ਭਲਾ ਕਰੇ।

ਪ੍ਰਭੂ ਯਿਸੂ ਵਿੱਚ ਤੁਹਾਡੇ ਭਰਾ ਅਰ ਸੇਵਕ,
ਪਾ: ਐੱਸ. ਸੈਮ ਸੇਲਵਾ ਰਾਜ ਅਲੈਕਸ ਸੈਮਸਨ ਸੈਮ।
(+91) 98412 71858 / 98410 71858
E.mail : samselvaraj333@gmail.com

(ਚਲਦਾ ਸਫਾ 1 ਤੋਂ)

ਅਹਿਮ ਕੜੀ ਹਨ।

## ਅੰਗੂਰਾਂ ਦੀ ਵੇਲ

ਤੂੰ ਮਿਸਰ ਤੋਂ ਇੱਕ ਦਾਖ ਦੀ ਵੇਲ ਨੂੰ ਕੱਢ ਲਿਆਇਆ,
ਤੈਂ ਪਰਾਈਆਂ ਕੌਮਾਂ ਨੂੰ ਬਾਹਰ ਕੱਢ ਦਿੱਤਾ, ਅਤੇ ਉਸ ਨੂੰ ਲਾਇਆ।
ਤੈਂ ਉਸ ਦੇ ਲਈ ਥਾਂ ਤਿਆਰ ਕੀਤਾ,
ਉਸ ਨੇ ਡੂੰਘੀ ਜੜ੍ਹ ਫੜੀ ਤੇ ਵਧ ਕੇ ਦੇਸ ਨੂੰ ਭਰ ਦਿੱਤਾ।
ਪਹਾੜ ਉਸ ਦੇ ਛਾਂ ਨਾਲ ਕੱਜੇ ਗਏ,
ਅਤੇ ਉਸ ਦੀਆਂ ਟਹਿਣੀਆਂ ਦੇ ਦਿਆਰਾਂ ਵਰਗੀਆਂ ਸਨ।
ਉਸ ਨੇ ਸਮੁੰਦਰ ਤੀਕੁਰ ਆਪਣੀਆਂ ਡਾਲੀਆਂ ਪਸਾਰੀਆਂ,
ਅਤੇ ਆਪਣੀਆਂ ਸ਼ਾਖਾਂ ਨਦੀ ਤਾਈਂ।
ਤੈਂ ਉਹ ਦੀਆਂ ਵਾੜਾਂ ਨੂੰ ਕਿਸ ਲਈ ਤੋੜਿਆ,
ਭਈ ਜਿੰਨੇ ਉੱਥੋਂ ਦੀ ਲੰਘਦੇ ਹਨ ਓਹ ਉਹ ਨੂੰ ਤੋੜਿਆ ਹਨ?
ਜੰਗਲੀ ਸੂਰ ਉਹ ਨੂੰ ਉਜਾੜਦਾ ਹੈ, ਅਤੇ ਰੜ ਦੇ ਜਾਨਵਰ ਉਹ ਨੂੰ ਖਾ ਲੈਂਦੇ ਹਨ॥
ਹੇ ਸੈਨਾਂ ਦੇ ਪਰਮੇਸ਼ੁਰ, ਮੋੜਾ ਪਾ,
ਸੁਰਗੋਂ ਧਿਆਨ ਕਰ ਕੇ ਵੇਖ ਤੇ ਇਸ ਵੇਲੇ ਦੀ ਸੁੱਧ ਲੈ,
ਉਸ ਦੀ ਰੱਛਿਆ ਕਰ ਜਿਹੜਾ ਤੇਰੇ ਸੱਜੇ ਹੱਥ ਨੇ ਲਾਇਆ ਹੈ,
ਨਾਲੇ ਉਸ ਪੁੱਤ੍ਰ ਦੀ ਜੋ ਤੈਂ ਆਪਣੇ ਲਈ ਤਕੜਾ ਕੀਤਾ। (ਜ਼ਬੂਰ 80:8-15)

ਇੱਥੇ ਯਹੋਵਾਹ ਨੇ ਮਿਸਰ ਵਿੱਚੋਂ ਇੱਕ ਅੰਗੂਰੀ ਬੇਲ ਲਿਆਂਦੀ ਸੀ, ਕੌਮਾਂ ਨੂੰ ਉਸ ਅੱਗੋਂ ਕੱਢ ਦਿੱਤਾ ਸੀ ਅਤੇ ਕਨਾਨ ਵਿੱਚ ਲਗਾਇਆ ਸੀ। ਪ੍ਰਭੂ ਨੇ ਇਸ ਤੋਂ ਚੰਗੇ ਫਲ ਦੀ ਉਮੀਦ ਕੀਤੀ। ਪਰ ਹਾਏ ਇਸਨੇ ਮਾੜੇ ਫਲ ਦਿੱਤੇ! ਇਸ ਨੇ ਡੂੰਘੀਆਂ ਜੜ੍ਹਾਂ ਫੈਲਾਈਆਂ ਅਤੇ ਜ਼ਮੀਨ ਨੂੰ ਭਰ ਦਿੱਤਾ। ਇਸਨੇ ਰਾਜਾਂ ਉੱਤੇ ਪ੍ਰਭਾਵ ਪਾਇਆ ਅਰ ਉਨ੍ਹਾਂ ਉੱਤੇ ਰਾਜ ਕੀਤਾ। ਇਸ ਲਈ, ਪ੍ਰਭੂ ਨੇ ਵਾੜੇ ਨੂੰ ਤੋੜ ਦਿੱਤਾ ਸੀ ਅਤੇ ਉੱਥੋਂ ਲੰਘਣ ਵਾਲੇ ਲੋਕਾਂ ਨੇ ਆਪਣੀ ਮਰਜ਼ੀ ਨਾਲ ਫਲ ਤੋੜੇ ਅਤੇ ਰਿੱਛ ਅਤੇ ਜੰਗਲੀ ਜਾਨਵਰਾਂ ਨੇ ਇਸ ਨੂੰ ਉਖਾੜ ਦਿੱਤਾ ਸੀ ਕਿਉਂਕਿ ਪ੍ਰਭੂ ਨੇ ਵਾੜੇ ਨੂੰ ਤੋੜ ਦਿੱਤਾ ਸੀ। ਨਬੀ ਆਸਾਫ਼ ਨੇ ਟੁੱਟੇ ਵਾੜੇ ਨੂੰ ਸੁਧਾਰਨ ਲਈ ਅਰ ਇਸਦੀ ਸੁਧੀ ਲੈਣ ਲਈ ਪ੍ਰਭੂ ਅੱਗੇ ਬੇਨਤੀ ਕੀਤੀ।

ਯਹੋਵਾਹ ਦਾ ਅੰਗੂਰੀ ਬਾਗ਼ ਇਸਰਾਏਲ ਦਾ ਘਰਾਣਾ ਹੈ (ਯਸਾਯਾਹ 5:7)। ਯਹੋਵਾਹ ਨੇ ਆਪਣੇ ਚੁਣੇ ਹੋਏ ਲੋਕਾਂ ਨੂੰ ਮੂਸਾ ਦੁਆਰਾ ਮਿਸਰ ਦੀ ਧਰਤੀ ਤੋਂ ਕੱਢ ਲਿਆਂਦਾ, ਜਿੱਥੇ ਉਹ ਗ਼ੁਲਾਮੀ ਵਿੱਚ ਸਨ। ਉਸਨੇ ਕਨਾਨੀਆਂ ਨੂੰ ਬਾਹਰ ਕੱਢ ਦਿੱਤਾ ਅਤੇ ਆਪਣੇ ਲੋਕਾਂ ਨੂੰ ਵਸਾਇਆ। ਉਹ ਕਨਾਨ ਦੇਸ਼ ਵਿੱਚ ਵਧੇ ਅਤੇ ਦਾਊਦ ਦੀ ਅਗਵਾਈ ਵਿੱਚ ਇੱਕ ਮਜ਼ਬੂਤ ??ਕੌਮ ਬਣ ਗਈ। ਉਸਨੇ ਆਪਣੇ ਦੁਸ਼ਮਣਾਂ ਨੂੰ ਜਿੱਤ ਲਿਆ ਅਤੇ ਉਹਨਾਂ ਕੋਲੋਂ ਮਾਲੀਆ ਭੁਗਤਾਨ ਲਿਆ। ਇਸਦਾ ਨਾਮ ਦੂਰ-ਦੂਰ ਤੱਕ ਫੈਲਿਆ ਅਤੇ ਉਹ ਕੌਮਾਂ ਵਿੱਚ ਇੱਕ ਆਗੂ ਸੀ। ਪਰ ਕੌਮ ਦਾ ਪਤਨ ਰਾਜਾ ਸੁਲੇਮਾਨ ਦੇ ਰਾਜ ਦੌਰਾਨ ਹੀ ਸ਼ੁਰੂ ਹੋ ਗਿਆ ਸੀ ਕਿਉਂਕਿ ਉਹ ਆਪਣੀਆਂ ਵਿਦੇਸ਼ੀ ਪਤਨੀਆਂ ਦੇ ਕਾਰਨ ਵਿਦੇਸ਼ੀ ਦੇਵਤਿਆਂ ਦੀ ਉਪਾਸਨਾ ਕਰਦਾ ਸੀ। ਉਸ ਦੇ ਪੁੱਤਰ, ਰਹੋਬੁਆਮ ਦੇ ਰਾਜ ਦੌਰਾਨ ਇਸਰਾਏਲ ਅਤੇ ਯਹੂਦਾਹ ਵਜੋਂ ਕੌਮ ਦੋ ਹਿੱਸਿਆਂ ਵਿਚ ਵੰਡੀ ਗਈ।

ਇਸਰਾਏਲ ਦੇ ਲੋਕਾਂ ਨੇ ਸਾਮਰੀਆ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਯਹੂਦਾਹ ਨੇ ਯਰੂਸ਼ਲਮ ਨੂੰ। ਇਸਰਾਏਲ ਦੇ ਪਹਿਲੇ ਪਾਤਸ਼ਾਹ ਯਰੋਬੁਆਮ ਨੇ ਸੋਨੇ ਦੇ ਦੋ ਵੱਛੇ ਬਣਾਏ ਅਤੇ ਇੱਕ ਦਾਨ ਵਿੱਚ ਅਤੇ ਦੂਜਾ ਬੇਰਸ਼ਬਾ ਵਿੱਚ ਸਥਾਪਿਤ ਕੀਤਾ। ਉਸਨੇ ਆਖਿਆ ਕਿ ਇਹ ਉਹਨਾਂ ਦੇ ਦੇਵਤੇ ਹਨ ਜੋ ਉਹਨਾਂ ਨੂੰ ਮਿਸਰ ਤੋਂ ਕੱਢ ਲਿਆਏ ਹਨ, ਇਸ ਤਰ੍ਹਾਂ ਉਨ੍ਹਾਂ ਨੇ ਸੈਨਾਂ ਦੇ ਯਹੋਵਾਹ ਨੂੰ ਰੱਦ ਕਰ ਦਿੱਤਾ ਜਿਸਨੇ ਉਹਨਾਂ ਨੂੰ ਫ਼ਰਊਨ ਦੇ ਹੱਥੋਂ ਛੁਡਾਇਆ ਸੀ। ਹਾਲਾਂਕਿ ਉਨ੍ਹਾਂ ਦੀ ਅਗਵਾਈ ਮੂਸਾ ਅਤੇ ਯਹੋਸ਼ੁਆ ਦੁਆਰਾ ਕੀਤੀ ਗਈ ਸੀ, ਜਿਨ੍ਹਾਂ ਨੂੰ ਪ੍ਰਭੂ ਨੇ ਚੁਣਿਆ ਸੀ, ਅਸਲ ਵਿੱਚ ਪ੍ਰਭੂ ਨੇ ਉਨ੍ਹਾਂ ਦੀ ਅਗਵਾਈ ਕੀਤੀ, ਰਾਜਿਆਂ ਨੂੰ ਬਾਹਰ ਕੱਢਿਆ ਅਤੇ ਉਨ੍ਹਾਂ ਨੂੰ ਕਨਾਨ ਦੀ ਵਾਅਦਾ ਕੀਤੀ ਹੋਈ ਧਰਤੀ ਉੱਤੇ ਲਾਇਆ। ਸਮੇਂ ਦੇ ਬੀਤਣ ਨਾਲ ਉਨ੍ਹਾਂ ਨੇ ਸਰਬਸ਼ਕਤੀਮਾਨ ਪਰਮੇਸ਼ੁਰ ਨੂੰ ਠੁਕਰਾ ਦਿੱਤਾ ਅਤੇ ਗੈਰ-ਕੌਮਾਂ ਦੇ ਦੇਵਤਿਆਂ ਨੂੰ ਅਪਣਾ ਲਿਆ। ਉਨ੍ਹਾਂ ਨੇ ਲਗਭਗ ਹਰ ਦਰੱਖਤ ਅਤੇ ਉੱਚੇ ਸਥਾਨਾਂ ਦੇ ਹੇਠਾਂ ਮੂਰਤੀਆਂ ਲਗਾਈਆਂ ਅਤੇ ਉਨ੍ਹਾਂ ਨੂੰ ਆਪਣੇ ਦੇਵਤਿਆਂ ਵਜੋਂ ਪੂਜਿਆ। ਇਸ ਦੁਸ਼ਟਤਾ ਵਿੱਚ, ਇਸਰਾਏਲ ਯਹੂਦਾਹ ਤੋਂ ਅੱਗੇ ਸੀ! ਯਹੋਵਾਹ ਨੇ ਆਪਣੇ ਕ੍ਰੋਧ ਵਿੱਚ ਉਨ੍ਹਾਂ ਨੂੰ ਪਰਦੇਸੀ ਰਾਜਿਆਂ ਦੇ ਵੱਸ ਕਰ ਦਿੱਤਾ! ਇਜ਼ਰਾਈਲ ਨੂੰ 722 ਈਸਵੀ ਪੂਰਵ ਵਿੱਚ ਅੱਸ਼ੂਰੀਆਂ ਦੁਆਰਾ ਅਤੇ ਯਹੂਦਾਹ ਨੂੰ 586 ਈਸਾ ਪੂਰਵ ਵਿੱਚ ਬੇਬੀਲੋਨੀਆਂ ਦੁਆਰਾ ਅਧੀਨ ਕਰ ਲਿਆ ਗਿਆ। ਇਹ ਗੱਲਾਂ ਇਸ ਲਈ ਵਾਪਰੀਆਂ ਕਿਉਂਕਿ ਉਨ੍ਹਾਂ ਨੇ ਸਰਬਸ਼ਕਤੀਮਾਨ ਪਰਮੇਸ਼ੁਰ ਨੂੰ ਰੱਦ ਕਰ ਦਿੱਤਾ ਸੀ ਅਤੇ ਪਰਦੇਸੀ ਦੇਵਤਿਆਂ ਦੇ ਮਗਰ ਲੱਗ ਗਏ ਸਨ। ਆਸਾਫ਼ ਨਬੀ ਨੇ ਉਸ ਕੌਮ ਨੂੰ ਦੇਖ ਕੇ ਅਫ਼ਸੋਸ ਪ੍ਰਗਟ ਕੀਤਾ ਜੋ ਮਲਬੇ ਦੇ ਢੇਰ ਬਣ ਗਈ ਸੀ ਕਿਉਂਕਿ ਯਹੋਵਾਹ ਨੇ ਉਨ੍ਹਾਂ ਦੇ ਧੋਖੇ ਕਾਰਨ ਪਹਿਰੇਦਾਰ ਨੂੰ ਹਟਾ ਦਿੱਤਾ ਸੀ।

ਜਿਸ ਅੰਗੂਰ ਦੀ ਬੇਲ ਤੋਂ ਚੰਗੇ ਫਲ ਦੇਣ ਦੀ ਉਮੀਦ ਸੀ, ਉਹ ਨੇ ਮਾੜੇ ਫਲ ਦਿੱਤੇ!, ਅਤੇ ਆਪਣੀ ਹੀ ਤਬਾਹੀ ਲੱਭ ਲਈ।

**Statement about ownership and other particulars about the Newspaper Echo of His Call (Punjabi) - Form IV**
**(See Rule 8)**

| | | |
|---|---|---|
| 1. Place of Publication | : | **New No. 8 & 10, Old No. 18 & 19, Mohammed Abdullah Sahib 2nd Street, Chepauk, Chennai - 600 005.** |
| 2. Periodicity | : | **Monthly** |
| 3. Printer, Editor, Owner & Publisher | : | **S. Sam Selva Raj** (Same Address) |
| 4. Nationality | : | **Indian** |

I, **S. Sam Selva Raj** hereby declare that the particulars given above are true to the best of my knowledge and belief.

March 2022 **S. Sam Selva Raj.**

ਅੱਜ ਵੀ ਲੋਕ, ਯਿਸੂ ਦੇ ਲਹੂ ਦੁਆਰਾ ਪਰਮੇਸ਼ੁਰ ਦੀ ਸੰਗਤ ਵਿੱਚ ਆਉਂਦੇ ਹਨ, ਕੁਝ ਸਮੇਂ ਲਈ ਉਹ ਚਮਕਦੇ ਹਨ ਅਤੇ ਫਿਰ ਪਰਮੇਸ਼ੁਰ ਦੇ ਘੇਰੇ ਵਿੱਚੋਂ ਬਾਹਰ ਚਲੇ ਜਾਂਦੇ ਹਨ ਅਤੇ ਸ਼ੈਤਾਨ ਦੀ ਸੰਗਤ ਦਾ ਸੁਆਦ ਲੈਣ ਲਗਦੇ ਹਨ। ਉਹ ਇਹ ਸਮਝਦੇ ਹੀ ਨਹੀਂ ਕਿ ਸ਼ੈਤਾਨ ਉਨ੍ਹਾਂ ਨੂੰ ਤਬਾਹੀ ਵੱਲ ਲਿਜਾਂਦਾ ਹੈ ਕਿਉਂਕਿ ਉਹ ਚੋਰ ਹੈ ਜੋ ਚੋਰੀ ਕਰਦਾ, ਮਾਰਦਾ ਅਤੇ ਤਬਾਹ ਕਰਦਾ ਹੈ (ਯੂਹੰਨਾ 10:10)। ਸਾਨੂੰ ਚੌਕਸ ਰਹਿਣਾ ਚਾਹੀਦਾ ਹੈ ਅਤੇ ਸ਼ੈਤਾਨ ਦੀਆਂ ਚਾਲਾਂ ਤੋਂ ਬਚਣਾ ਚਾਹੀਦਾ ਹੈ, ਅਜਿਹਾ ਨਾ ਹੋਵੇ ਕਿ ਸਾਡਾ ਹਸ਼ਰ ਵੀ ਸਾਡੇ ਪੁਰਖਿਆਂ ਵਰਗਾ ਹੀ ਹੋਵੇ।

ਅੰਗੂਰ ਇੱਕ ਪਿਆਰੀ ਅਤੇ ਪਸੰਦੀਦਾ ਫਸਲ ਹੈ ਜੋ ਫਲ ਦਿੰਦੀ ਹੈ। ਇਹ ਇੱਕ ਮੌਸਮੀ ਪੌਦਾ ਹੈ। ਕਿਸਾਨ ਜ਼ਮੀਨ ਨੂੰ ਤਿਆਰ ਕਰਨ, ਇਸ ਨੂੰ ਪੁੱਟਣ ਅਤੇ ਖਾਦ ਬਣਾਉਣ ਲਈ ਸਖ਼ਤ ਮਿਹਨਤ ਕਰਦੇ ਹਨ। ਜਦੋਂ ਬੂਟਾ ਉੱਗਦਾ ਹੈ ਤਾਂ ਇਸ ਨੂੰ 'ਪੰਡਾਲਾਂ' ਵਿੱਚ ਫੈਲਾਉਣ ਲਈ ਅਗਵਾਈ ਕਰਨੀ ਪੈਂਦੀ ਹੈ! ਜਿਹੜੀਆਂ ਟਹਿਣੀਆਂ ਫਲ ਨਹੀਂ ਦਿੰਦੀਆਂ ਉਨ੍ਹਾਂ ਨੂੰ ਕੱਟਿਆ ਜਾਂਦਾ ਹੈ ਅਤੇ ਫਲ ਦੇਣ ਵਾਲੀਆਂ ਟਹਿਣੀਆਂ ਨੂੰ ਵਧਣ ਦਿੱਤਾ ਜਾਂਦਾ ਹੈ।ਕਿਸਾਨ ਟਹਿਣੀਆਂ ਦੀ ਸਹੀ ਪਛਾਣ ਕਰਦਾ ਹੈ। ਯਿਸੂ ਨੇ ਕਿਹਾ, "ਮੈਂ ਸੱਚੀ ਅੰਗੂਰ ਦੀ ਬੇਲ ਹਾਂ ਅਤੇ ਮੇਰਾ ਪਿਤਾ ਬਾਗਵਾਨ ਹੈ। ਹਰੇਕ ਟਹਿਣੀ ਜਿਹੜੀ ਮੇਰੇ ਵਿੱਚ ਹੈ ਅਰ ਫਲ ਨਹੀਂ ਦਿੰਦੀ ਉਹ ਉਸ ਨੂੰ ਲਾਹ ਸੁੱਟਦਾ ਹੈ ਅਤੇ ਹਰੇਕ ਜੋ ਫਲ ਦਿੰਦੀ ਹੈ ਉਹ ਉਸਨੂੰ ਛਾਂਗਦਾ ਹੈ ਤਾਂ ਜੋ ਹੋਰ ਵੀ ਫਲ ਦੇਵੇ" (ਯੂਹੰਨਾ 15:1,2)।

ਅੰਗੂਰ ਵਾਂਗ ਸੁਪਾਰੀ ਭਾਰਤ ਦੇ ਵੱਖ-ਵੱਖ ਹਿੱਸਿਆਂ ਖਾਸ ਕਰਕੇ ਤਾਮਿਲਨਾਡੂ ਵਿੱਚ ਉਗਾਈ ਜਾਂਦੀ ਹੈ। ਇਹ ਅੰਗੂਰ ਵਾਂਗ ਹੀ ਉੱਗਦੀ ਹੈ। ਮੇਰੇ ਇੱਕ ਰਿਸ਼ਤੇਦਾਰ ਦਾ ਸੁਪਾਰੀ ਦਾ ਬਾਗ ਸੀ। ਬਾਗ ਲਈ ਜ਼ਮੀਨ ਵਿਸ਼ੇਸ਼ ਤੌਰ'ਤੇ ਚੁਣੀ ਗਈ ਹੈ ਅਤੇ ਤਿਆਰ ਕੀਤੀ ਗਈ ਹੈ। ਉਪਰਲੀ ਮਿੱਟੀ ਨੂੰ 4 ਤੋਂ 5 ਫੁੱਟ ਦੀ ਡੂੰਘਾਈ ਤੱਕ ਹਟਾ ਦਿੱਤਾ ਜਾਂਦਾ ਹੈ ਅਤੇ ਉਪ-ਮਿੱਟੀ ਨੂੰ ਚੰਗੀ ਤਰ੍ਹਾਂ ਪੁੱਟਿਆ ਜਾਂਦਾ ਹੈ ਅਤੇ ਹੋਰ ਥਾਵਾਂ ਤੋਂ ਲਿਆਂਦੀ ਗਈ ਵਿਸ਼ੇਸ਼ ਮਿੱਟੀ ਨੂੰ ਰੇਤ ਨਾਲ ਮਿਲਾਇਆ ਜਾਂਦਾ ਹੈ ਅਤੇ 2-3 ਫੁੱਟ ਦੀ ਉਚਾਈ ਤੱਕ ਭਰਿਆ ਜਾਂਦਾ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਹੋਰ ਰੁੱਖਾਂ ਦੀਆਂ ਜੜ੍ਹਾਂ ਬਾਗ ਵਿੱਚ ਦਾਖਲ ਨਾ ਹੋਣ। ਸਿੱਧੀਆਂ ਕਤਾਰਾਂ ਪੁੱਟੀਆਂ ਜਾਂਦੀਆਂ ਹਨ ਅਤੇ ਰੇਤ ਨਾਲ ਮਿਲਾਈ ਚੰਗੀ ਮਿੱਟੀ ਨਾਲ ਭਰੀਆਂ ਜਾਂਦੀਆਂ ਹਨ। ਫਿਰ ਬੂਟਾ (ਸੁਪਾਰੀ ਦੀ ਟਹਿਣੀ ਦਾ ਇੱਕ ਹਿੱਸਾ) ਨਿਯਮਤ ਦੂਰੀ 'ਤੇ ਲਾਇਆ ਜਾਂਦਾ ਹੈ। ਇਸ ਨੂੰ ਸਹੀ ਢੰਗ ਨਾਲ ਸਿੰਜਿਆ ਜਾਂਦਾ ਹੈ ਅਤੇ ਇਸ ਗੱਲ ਦਾ ਬਹੁਤ ਧਿਆਨ ਰੱਖਿਆ ਜਾਂਦਾ ਹੈ ਕਿ ਪਾਣੀ ਖੜ੍ਹਾ ਨਾ ਹੋਵੇ। ਬੂਟਾ ਪੁੰਗਰਦਾ ਹੈ ਅਤੇ ਵਧਣਾ ਸ਼ੁਰੂ ਹੋ ਜਾਂਦਾ ਹੈ। ਵਧ ਰਹੀ ਵੇਲ ਨੂੰ ਇੱਕ ਸੋਟੀ ਨਾਲ ਸਹਾਰਾ ਦੇ ਕੇ ਬੰਨ੍ਹਿਆ ਜਾਂਦਾ ਹੈ। ਇਹ ਸੋਟੀ ਆਮ ਤੌਰ 'ਤੇ ਹਲਕੇ ਰੁੱਖਾਂ ਜਿਵੇਂ ਕਪਾਹ ਦੇ ਰੁੱਖ, ਮੋਰਿੰਗਾ ਅਤੇ ਜੰਗਲੀ ਮੋਰਿੰਗਾ ਦੀਆਂ ਸ਼ਾਖਾਵਾਂ ਹੁੰਦੀਆਂ ਹਨ। ਕਪਾਹ ਦੇ ਦਰੱਖਤ ਜਦੋਂ ਵੱਡੇ ਹੋ ਜਾਂਦੇ ਹਨ ਤਾਂ ਫਲ ਦਿੰਦੇ ਹਨ ਅਤੇ ਪੂਰੀ ਤਰ੍ਹਾਂ ਵਧੇ ਹੋਏ ਕਪਾਹ ਅੰਦਰੋਂ ਪੂਰੀ ਤਰ੍ਹਾਂ ਰੂੰ ਨਾਲ ਭਰ ਜਾਂਦੇ ਹਨ। ਕਪਾਹ ਦੀ ਵਰਤੋਂ ਸਿਰਹਾਣੇ ਅਤੇ ਬਿਸਤਰੇ ਬਣਾਉਣ ਲਈ ਕੀਤੀ ਜਾਂਦੀ ਹੈ। ਮੋਰਿੰਗਾ ਇੱਕ ਪ੍ਰਸ਼ੰਸਾਯੋਗ ਰੁੱਖ ਹੈ ਜੋ ਪੱਤੇ ਅਤੇ ਫਲ ਦਿੰਦਾ ਹੈ। ਪੱਤਿਆਂ ਦੀ ਵਰਤੋਂ ਸਬਜ਼ੀਆਂ (ਹਰੀਆਂ) ਵਜੋਂ ਕੀਤੀ ਜਾਂਦੀ ਹੈ ਅਤੇ ਕੋਮਲ ਫਲਾਂ ਦੀ ਵਾਢੀ ਸੁੱਕਣ ਤੋਂ ਪਹਿਲਾਂ ਕਰ ਲਈ ਜਾਂਦੀ ਹੈ। ਕੋਮਲ ਫਲ (ਫਲੀਆਂ) ਹੋਟਲਾਂ ਅਤੇ ਘਰਾਂ ਵਿੱਚ ਇੱਕ ਵਧੀਆ ਪਕਵਾਨ ਹੈ। ਜੰਗਲੀ ਮੋਰਿੰਗਾ ਦੇ ਪੱਤਿਆਂ ਦੀ ਵਰਤੋਂ ਸਿਰਫ਼ ਖਾਦ ਵਜੋਂ ਕੀਤੀ ਜਾਂਦੀ ਹੈ ਅਤੇ ਇਸ ਦੇ ਮਜ਼ਬੂਤ ??ਤਣੇ ਨੂੰ ਕਿਸ਼ਤੀਆਂ ਅਤੇ ਕੈਟਾਮਾਰਨ ਬਣਾਉਣ ਲਈ ਵਰਤਿਆ ਜਾਂਦਾ ਹੈ। ਕੁਝ ਲੋਕ ਕੇਲੇ ਦੀ ਖੇਤੀ ਵੀ ਕਰਦੇ ਹਨ ਜੋ ਆਮਦਨ ਦਾ ਚੰਗਾ ਸਰੋਤ ਬਣਦਾ ਹੈ।

ਸੁਪਾਰੀ ਦੀਆਂ ਛੋਟੀਆਂ ਪੱਤੀਆਂ ਨੂੰ ਨਕਦੀ ਫਸਲ ਮੰਨਿਆ ਜਾਂਦਾ ਹੈ। ਉਹ ਉਪਚਾਰ ਲਈ ਵੀ ਵਰਤੀਆਂ ਜਾਂਦੀਆਂ ਹਨ। ਲੋਕ ਇਨ੍ਹਾਂ ਨੂੰ ਸੁਪਾਰੀ ਅਤੇ ਚੂਨੇ ਨਾਲ ਵੀ ਚਬਾਂਦੇ ਹਨ। ਆਮ ਤੌਰ 'ਤੇ ਬਜ਼ੁਰਗ ਇਸ ਨੂੰ ਆਦਤ ਵਜੋਂ ਵਰਤਦੇ ਹਨ। ਕਈ ਤਾਂ ਇਸ ਦੇ ਆਦੀ ਵੀ ਬਣ ਜਾਂਦੇ ਹਨ!

ਸਫ਼ਾਈ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ। ਕਿਸੇ ਨੂੰ ਵੀ, ਖਾਸ ਕਰਕੇ ਔਰਤਾਂ ਨੂੰ ਸੁਪਾਰੀ ਦੇ ਬਾਗ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਹੁੰਦੀ।

## ਅੰਗੂਰਾਂ ਦੇ ਬਾਗ ਵਿੱਚ ਅੰਜੀਰ ਦਾ ਰੁੱਖ

ਇਕ ਵਾਰ ਯਿਸੂ ਨੇ ਅੰਗੂਰਾਂ ਦੇ ਬਾਗ ਵਿਚ ਅੰਜੀਰ ਦੇ ਦਰਖ਼ਤ ਦੀ ਮੌਜੂਦਗੀ ਦਾ ਹਵਾਲਾ ਦਿੱਤਾ। ਉਸ ਨੇ ਇਸ ਤੋਂ ਫਲਾਂ ਦੀ ਆਸ ਕੀਤੀ, ਪਰ ਉਸ ਵਿੱਚ ਕੇਵਲ ਪੱਤੇ ਹੀ ਸਨ। ਬਾਗ ਦਾ ਮਾਲਕ ਤਿੰਨ ਸਾਲਾਂ ਤੋਂ ਅੰਜੀਰ ਦੇ ਰੁੱਖ ਨੂੰ ਦੇਖ ਰਿਹਾ ਸੀ, ਪਰ ਉਸ ਵਿੱਚ ਕੋਈ ਫਲ ਨਹੀਂ ਸੀ। ਮਾਲਕ ਨੇ ਬਾਗ ਦੇ ਮਾਲੀ ਨੂੰ ਇਸ ਨੂੰ ਕੱਟਣ ਲਈ ਕਿਹਾ ਕਿਉਂਕਿ ਉਸਨੇ ਬੇਫਾਇਦਾ ਜ਼ਮੀਨ ਰੋਕੀ ਹੋਈ ਸੀ।ਪਰ ਮਾਲੀ ਨੇ ਮਾਲਕ ਨੂੰ ਬੇਨਤੀ ਕੀਤੀ ਕਿ ਉਹ ਇਸਨੂੰ ਇੱਕ ਸਾਲ ਹੋਰ ਛੱਡ ਦੇਵੇ ਅਤੇ ਇਸ ਸਮੇਂ ਦੌਰਾਨ ਉਹ ਇਸਦੇ ਆਲੇ ਦੁਆਲੇ ਖੋਦ ਕੇ ਖਾਦ ਪਾਵੇਗਾ।

ਯਿਸੂ ਨਤੀਜੇ ਦੇਣ ਦੀ ਮਹੱਤਤਾ ਬਾਰੇ

(ਚਲਦਾ ਸਫਾ 6 ਤੇ)

ਨਹਮਯਾਹ ਬਾਈਬਲ
ਰਿਹਾਇਸ਼ੀ/ ਸ਼ਾਮ ਦਾ ਕਾਲਜ
ਵੇਲਾਚੇਰੀ/ ਚੇਪੌਕ ਅਤੇ ਸੰਤੋਸ਼ਪੁਰਮ, ਚੈਂਨਈ
ਮਾਧਿਅਮ- ਹਿੰਦੀ/ ਤਾਮਿਲ
*Registered Candidate for Membership*
Asia Theological Association (ATA)
ਅੰਤਰਰਾਸ਼ਟਰੀ ਮਸੀਹੀ ਲੀਡਰਾਂ ਅਰ ਸੀਨੀਅਰ ਪਾਸਬਾਨਾਂ ਦੁਆਰਾ ਪੜ ਸਾਲਾਂ ਤੋਂ ਮਾਨਤਾ ਪ੍ਰਾਪਤ
ਥਿਆਲੋਜੀਕਲ ਸਰਟੀਫਿਕੇਟ ਕੋਰਸ: ਇੱਕ ਸਾਲ
ਥਿਆਲੋਜੀਕਲ ਡਿਪਲੋਮਾ ਕੋਰਸ: ਦੋ ਸਾਲ
ਯੋਗਤਾ: ਦਸਵੀਂ ਅਰ ਉਸਤੋਂ ਵੱਧ
ਦਾਖਲੇ ਲਈ ਛੇਤੀ ਕਰੋ
**Contact : The Chairman, Nehemiah Bible College.**
10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

# GREAT COMMISSION PARTNERS
## ਮਹਾਨ ਆਦੇਸ਼ ਸਹਿਭਾਗੀ



TO SHARE (Galatians 6:2) ਵੰਡਣਾ (ਗਲਾਤੀਆਂ ੬:੨) SUPPORT (Romans 12:13) ਸਹਾਇਤਾ ਕਰਨਾ(ਰੋਮੀਆਂ ੧੨:੧੩) SPEEDUP (II Timothy 1:6) ਤੇਜੀ ਕਰਨਾ (੨ਤਿਮੋਥੀਅਸ ੧:੬)

ECHO OF HIS CALL MINISTRIES SINCE 1969

### 19 ਮਾਰਚ 2022 ਤੋਂ 18 ਅਪ੍ਰੈਲ 2022 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਵਡਿਆਈ ਦੇ ਮੁੱਦੇ

19 ਮਾਰਚ: ਸਾਡੇ ਪਿਆਰੇ ਭਰਾ ਐੱਮ. ਪੌਲਰਾਜ, ਸਹਾਇਕ ਸੰਪਾਦਕ ਅਤੇ ਪਾਸਟਰ ਐੱਮ. ਮੁੱਥੂ, ਨਹਮਯਾਹ ਬਾਈਬਲ ਕਾਲਜ ਦੇ ਚੇਅਰਮੈਨ ਦੀ ਸੇਹਤ ਦਾ ਖਿਆਲ ਰੱਖਣ ਲਈ ਪ੍ਰਮੇਸ਼ਵਰ ਦੀ ਵਡਿਆਈ ਹੋਵੇ।

20 ਮਾਰਚ: ਸਾਡੇ ਭਾਈਬਲਕੋਰ ਅਰ ਥਿਆਲੋਜੀਕਲ ਕੋਰੈਸਪੌਂਡੈਂਸ ਕੋਰਸਾਂ ਨੂੰ ਅਸੀਸ ਦੇਣ ਲਈ ਪ੍ਰਭੂ ਦਾ ਸ਼ੁਕਰ ਹੋਵੇ।

21 ਮਾਰਚ: 1969 ਤੋਂ ਮੈਗਜ਼ੀਨ ਸੇਵਕਾਈ ਪ੍ਰਤੀ ਵਚਨਬੱਧਤਾ ਨੂੰ ਬਰਕਤ ਦੇਣ ਲਈ ਪ੍ਰਭੂ ਦਾ ਧੰਨਵਾਦ ਹੋਵੇ।

22 ਮਾਰਚ: ਸਾਡੀ ਮੈਗਜ਼ੀਨ ਰਾਹੀਂ ਅਪਹੁੰਚ ਖੇਤਰਾਂ ਤੀਕ ਵਚਨ ਪਹੁੰਚਣ ਲਈ ਪ੍ਰਮੇਸ਼ਵਰ ਦਾ ਸ਼ੁਕਰ ਹੋਵੇ।

23 ਮਾਰਚ: ਪਿਛਲੇ ਮਹੀਨੇ ਸਾਡੀਆਂ ਸਭ ਲੋੜਾਂ ਦੀ ਪੂਰਤੀ ਕਰਨ ਲਈ ਪ੍ਰਭੂ ਦੀ ਵਡਿਆਈ ਹੋਵੇ।

24 ਮਾਰਚ: ਸਾਡੇ ਮੁੱਖ ਪਾਸਟਰ ਨੂੰ ਭਾਂਤ ਭਾਂਤ ਦੀਆਂ ਸੇਵਕਾਈਆਂ ਰਾਹੀਂ ਸੁਸਮਾਚਾਰ ਫੈਲਾਉਣ ਲਈ ਵਚਨਬੱਧ ਬਣਾਉਣ ਲਈ ਪ੍ਰਭੂ ਦਾ ਸ਼ੁਕਰ ਹੋਵੇ।

25 ਮਾਰਚ: ਬੁਲਾਵੇ ਦੀ ਗੂੰਜ ਦੇ ਸਹਾਇਕ ਸੰਪਾਦਕਾਂ ਅਰ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਮੇਸ਼ਵਰ ਦਾ ਸ਼ੁਕਰ ਹੋਵੇ।

26 ਮਾਰਚ: ਸਾਡੇ ਨਹਮਯਾਹ ਬਾਈਬਲ ਕਾਲਜਾਂ ਨੂੰ ਅਸੀਸ ਦੇਣ ਲਈ ਪ੍ਰਭੂ ਦੀ ਵਡਿਆਈ ਹੋਵੇ।

27 ਮਾਰਚ: ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਦੇ ਪ੍ਰਿੰਸੀਪਲ, ਅਧਿਆਪਕਾਂ ਅਰ ਹੋਰ ਸਟਾਫ ਲਈ ਪ੍ਰਭੂ ਦਾ ਸ਼ੁਕਰ ਹੋਵੇ।

28 ਮਾਰਚ: ਸਾਡੇ ਛਾਪੇਖਾਨੇ ਨੂੰ ਯੋਗ ਕਰਮਚਾਰੀਆਂ ਦੁਆਰਾ ਲਗਾਤਾਰ ਚਲਾਉਣ ਲਈ ਪ੍ਰਭੂ ਦਾ ਧੰਨਵਾਦ ਹੋਵੇ।

29 ਮਾਰਚ: ਸਾਡੇ ਸਟੇਟ-ਕੋਆਰਡੀਨੇਟਰਾਂ ਅਰ ਉਨ੍ਹਾ ਦੇ ਪਰਿਵਾਰਾਂ ਲਈ ਪ੍ਰਮੇਸ਼ਵਰ ਦਾ ਸ਼ੁਕਰ ਹੋਵੇ।

30 ਮਾਰਚ: ਕੋਵਿਡ 19 ਦੌਰਾਨ ਬੁਲਾਵੇ ਦੀ ਗੂੰਜ ਦੀਆਂ ਸਭ ਸੇਵਕਾਈਆਂ ਨੂੰ ਬਰਕਤ ਦੇਣ ਲਈ ਪ੍ਰਭੂ ਦੀ ਵਡਿਆਈ ਹੋਵੇ।

31 ਮਾਰਚ: ਸਾਡੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਨਿਹਚਾ ਸਹਿਭਾਗੀਆਂ, ਜੀਵਨ ਸਹਿਭਾਗੀਆਂ ਅਤੇ ਮਹਾਂਆਦੇਸ਼ ਸਹਿਭਾਗੀਆਂ ਅਰ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਭੂ ਦੀ ਵਡਿਆਈ ਹੋਵੇ।

01 ਅਪ੍ਰੈਲ: ਸਾਡੇ ਚਰਚ ਵਿੱਚ ਨਵੇਂ ਮਸਹ ਪਾਏ ਹੋਵੇ ਵਿਸ਼ਵਾਸੀ ਦੇਣ ਲਈ ਪ੍ਰਭੂ ਦਾ ਸ਼ੁਕਰ ਹੋਵੇ।

02 ਅਪ੍ਰੈਲ: ਸਾਡੇ ਦੇਸ਼ ਦੀ ਸੁਰੱਖਿਆ ਲਈ ਪ੍ਰਮੇਸ਼ਵਰ ਦਾ ਸ਼ੁਕਰ ਹੋਵੇ।

03 ਅਪ੍ਰੈਲ: ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਰ ਪਰਿਵਾਰ ਨੂੰ ਸ਼ੈਤਾਨੀ ਤਾਕਤਾਂ ਤੋਂ ਬਚਾਉਣ ਲਈ ਪ੍ਰਭੂ ਦਾ ਸ਼ੁਕਰ ਹੋਵੇ।

## ਪ੍ਰਾਰਥਨਾ ਦੇ ਮੁੱਦੇ

04 ਅਪ੍ਰੈਲ: ਸਾਡੇ ਅੰਗ੍ਰੇਜ਼ੀ ਸਹਾਇਕ ਸੰਪਾਦਕ ਬ੍ਰ. ਐੱਮ ਪੌਲਰਾਜ ਅਤੇ ਨਹਮਯਾਹ ਬਾਈਬਲ ਕਾਲਜ ਦੇ ਚੇਅਰਮੈਨ ਪਾਸਟਰ ਐੱਮ. ਮੁੱਥੂ ਦੀ ਪੂਰੀ ਚੰਗਾਈ ਲਈ ਪ੍ਰਾਰਥਨਾ ਕਰੀਏ।

05 ਅਪ੍ਰੈਲ: ਸਭ ਦੇਸ਼ਾਂ ਦੀ ਏਕਤਾ ਅਰ ਸ਼ਾਂਤੀ ਲਈ ਪ੍ਰਾਰਥਨਾ ਕਰੀਏ।

06 ਅਪ੍ਰੈਲ: ਸਾਡੇ ਮੁੱਖ ਪਾਸਟਰ ਲਈ ਪ੍ਰਾਰਥਨਾ ਕਰੀਏ ਕਿ ਉਹ ਆਪਣੀ ਜੀਵਨੀ ਨੂੰ ਬਿਨਾਂ ਕਿਸੇ ਰੁਕਾਵਟ ਤੋਂ ਪੂਰਾ ਕਰ ਸਕਣ।

07 ਅਪ੍ਰੈਲ: ਸਾਡੀ ਸੰਸਥਾ, ਸਟਾਫ ਅਰ ਉਨ੍ਹਾਂ ਦੇ ਪਰਿਵਾਰਾਂ ਦੀ ਉੱਨਤੀ ਲਈ ਪ੍ਰਾਰਥਨਾ ਕਰੀਏ।

08 ਅਪ੍ਰੈਲ: ਸਾਡੀਆਂ ਆਨਲਾਈਨ ਹਿੰਦੀ ਥਿਆਲੋਜੀਕਲ ਕਲਾਸਾਂ ਲਈ ਪ੍ਰਾਰਥਨਾ ਕਰੀਏ।

09 ਅਪ੍ਰੈਲ: ਸਾਡੇ ਨਹਮਯਾਹ ਬਾਈਬਲ ਕਾਲਜਾਂ ਦੇ ਵਿਸਥਾਰ ਲਈ ਪ੍ਰਾਰਥਨਾ ਕਰੀਏ।

10 ਅਪ੍ਰੈਲ: ਸੰਸਾਰ ਭਰ ਵਿੱਚੋਂ ਕੋਵਿਡ 19 ਅਰ ਓਮੀਕ੍ਰੋਨ ਦੇ ਪੂਰੇ ਖਾਤਮੇ ਲਈ ਪ੍ਰਾਰਥਨਾ ਕਰੀਏ।

11 ਅਪ੍ਰੈਲ: ਸਭ ਨਸ਼ੇੜੀਆਂ ਅਰ ਬੁਰਿਆਰਾਂ ਦੇ ਛੁਟਕਾਰੇ ਲਈ ਪ੍ਰਾਰਥਨਾ ਕਰੀਏ।

12 ਅਪ੍ਰੈਲ: ਸਾਡੀਆਂ ਸਭ ਆਰਥਿਕ ਅਰ ਭੌਤਿਕ ਲੋੜਾਂ ਦੀ ਪੂਰਤੀ ਲਈ ਪ੍ਰਾਰਥਨਾ ਕਰੀਏ।

13 ਅਪ੍ਰੈਲ: ਸਾਡੇ ਦੇਸ਼ ਵਿੱਚ ਏਕਤਾ ਅਰ ਤਰੱਕੀ ਲਈ ਪ੍ਰਾਰਥਨਾ ਕਰੀਏ।

14 ਅਪ੍ਰੈਲ: ਉੱਤਰ ਭਾਰਤ ਦੇ ਸਾਡੇ ਮਿਸ਼ਨਰੀਆਂ ਲਈ ਅਰ ਉਨ੍ਹਾਂ ਦੀ ਭਲਾਈ ਲਈ ਪ੍ਰਾਰਥਨਾ ਕਰੀਏ।

15 ਅਪ੍ਰੈਲ: ਪ੍ਰਾਰਥਨਾ ਕਰੀਏ ਕਿ ਪ੍ਰਮੇਸ਼ਵਰ ਅਪਹੁੰਚ ਖੇਤਰਾਂ ਤੀਕ ਸੁਸਮਾਚਾਰ ਲਿਜਾਣ ਵਿੱਚ ਸਾਡੀ ਮਦਦ ਕਰੇ।

16 ਅਪ੍ਰੈਲ: ਸਭ ਧਰਮਾਂ ਵਿਚਕਾਰ ਏਕਤਾ ਲਈ ਪ੍ਰਾਰਥਨਾ ਕਰੀਏ।

17 ਅਪ੍ਰੈਲ: ਸਾਡੀਆਂ ਸੇਵਕਾਈਆਂ ਦੇ ਹਰ ਢੰਗ ਨਾਲ ਵਧਣ ਲਈ ਪ੍ਰਾਰਥਨਾ ਕਰੀਏ।

18 ਅਪ੍ਰੈਲ: ਸਾਡੀ ਸੇਵਕਾਈ ਨਾਲ ਸੰਬੰਧਿਤ ਲੋੜਾਂ ਜਿਵੇਂ ਕਰਮਚਾਰੀਆਂ ਦੀਆਂ ਤਨਖਾਹਾਂ ਸੰਬੰਧੀ ਆਰਥਿਕ ਲੋੜਾਂ, ਪ੍ਰਿੰਟਿੰਗ ਕਾਗਜ਼, ਡਾਕਖਰਚ ਅਰ ਅਵਾਜਾਈ ਖਰਚ ਆਦਿ ਲੋੜਾਂ ਦੀ ਪੂਰਤੀ ਲਈ ਪ੍ਰਾਰਥਨਾ

(ਸਫਾ 4 ਤੋਂ ਚਲਦਾ-)

ਗੱਲ ਕਰ ਰਿਹਾ ਸੀ। ਉਸਨੇ ਅੰਗੂਰੀ ਬਾਗ ਵਿੱਚ ਅੰਜੀਰ ਦੇ ਦਰਖਤ ਦੇ ਦ੍ਰਿਸ਼ਟਾਂਤ ਦੁਆਰਾ ਇਸ ਨੂੰ ਰੇਖਾਂਕਿਤ ਕੀਤਾ (ਲੂਕਾ 13:6-9)। ਅੰਜੀਰ ਦੇ ਦਰਖ਼ਤ ਦਾ ਅੰਗੂਰਾਂ ਦੇ ਬਾਗ ਵਿੱਚ ਲਾਇਆ ਜਾਣਾ ਬਹੁਤ ਵੱਡੀ ਗੱਲ ਸੀ। ਪਰ ਇਸ ਨੂੰ ਉਥੇ ਆਪਣੀ ਹੋਂਦ ਨੂੰ ਜਾਇਜ਼ ਠਹਿਰਾਉਣ ਲਈ ਫਲ ਪੈਦਾ ਕਰਨਾ ਚਾਹੀਦਾ ਸੀ।

ਅੰਗੂਰੀ ਬਾਗ ਇਸਰਾਏਲ ਦੇ ਲੋਕਾਂ ਨੂੰ ਦਰਸਾਉਂਦਾ ਹੈ। ਅੰਜੀਰ ਦਾ ਰੁੱਖ ਗੈਰ-ਯਹੂਦੀ ਲੋਕ ਹਨ, ਜਿਨ੍ਹਾਂ ਨੇ ਇਜ਼ਰਾਈਲੀਆਂ ਦੇ ਖਰਚੇ 'ਤੇ ਸਭ ਲਾਭ ਪ੍ਰਾਪਤ ਕੀਤੇ ਸਨ। ਪਰਮੇਸ਼ੁਰ ਗੈਰ-ਯਹੂਦੀਆਂ ਤੋਂ ਨਤੀਜੇ/ਫਲ ਪੈਦਾ ਕਰਨ ਦੀ ਉਮੀਦ ਕਰ ਰਿਹਾ ਸੀ। ਇਹ ਪ੍ਰਭੂ ਦਾ ਨਿਯਮ ਸੀ ਕਿ ਹਰੇਕ ਰੁੱਖ ਜੋ ਚੰਗਾ ਫਲ ਨਹੀਂ ਦਿੰਦਾ ਹੈ ਵੱਢ ਕੇ ਅੱਗ ਵਿੱਚ ਸੁੱਟ ਦਿੱਤਾ ਜਾਵੇ (ਮੱਤੀ 3:10)। ਇਸ ਲਈ, ਅੰਜੀਰ ਦੇ ਦਰੱਖਤ ਨੂੰ ਆਪਣੀ ਹੋਂਦ ਲਈ ਚੰਗੇ ਫਲ ਦੇਣੇ ਜਰੂਰੀ ਹਨ।

ਮਾਲੀ, ਯਿਸੂ ਮਸੀਹ, ਪਿਤਾ ਅੱਗੇ ਬੇਨਤੀ ਕਰਦਾ ਹੈ ਕਿ ਅੰਜੀਰ ਨੂੰ ਇੱਕ ਸਾਲ ਹੋਰ ਦ ਦੇਵੇ, ਉਹ ਉਸ ਉੱਤੇ ਹੋਰ ਧਿਆਨ ਦੇਵੇਗਾ, ਉਸਨੂੰ ਖਾਦ ਅਤੇ ਹੋਰ ਪੋਸ਼ਣ ਦੇਵੇਗਾ। ਇੱਥੇ ਰੁੱਖ ਦੀ ਵਿਸ਼ੇਸ਼ ਦੇਖਭਾਲ ਪਵਿੱਤਰ ਆਤਮਾ ਦੇ ਵਹਾਏ ਜਾਣ ਨੂੰ ਦਰਸਾਉਂਦੀ ਹੈ, ਜੋ ਵਿਸ਼ਵਾਸੀ ਨੂੰ ਮਜ਼ਬੂਤ ????ਹੋਣ ਅਤੇ ਫਲ ਦੇਣ ਵਿੱਚ ਮਦਦ ਕਰਦਾ ਹੈ। ਯਿਸੂ ਨੇ ਲੋਕਾਂ ਨੂੰ ਵਧੇਰੇ ਫਲ ਦੇਣ ਲਈ ਉਸ ਵਿੱਚ ਬਣੇ ਰਹਿਣ ਲਈ ਕਿਹਾ! (ਯੂਹੰਨਾ 15:5)।

ਪਰਮੇਸ਼ੁਰ ਪਿਤਾ ਜੋ ਸਵਰਗ ਵਿੱਚ ਆਪਣੇ ਸਿੰਘਾਸਣ ਉੱਤੇ ਬੈਠਾ ਹੈ ਸੂਰਜ ਦੇ ਹੇਠਾਂ ਸਾਰਿਆਂ ਨੂੰ ਦੇਖ ਰਿਹਾ ਹੈ ਅਤੇ ਉਸ ਦੀਆਂ ਪਲਕਾਂ ਮਨੁੱਖਾਂ ਦੇ ਪੁੱਤਰਾਂ ਨੂੰ ਪਰਖਦੀਆਂ ਹਨ (ਜ਼ਬੂਰ 11:4)। ਉਹ ਧਰਮੀ ਨਿਆਂਕਾਰ ਹੈ ਅਤੇ ਧਰਮ ਨਾਲ ਸੰਸਾਰ ਦਾ ਅਤੇ ਲੋਕਾਂ ਦਾ ਆਪਣੀ ਸੱਚਾਈ ਨਾਲ ਨਿਆਂ ਕਰੇਗਾ।

ਕਿਉਂ ਜੋ ਉਹ ਆ ਰਿਹਾ ਹੈ, ਉਹ ਧਰਤੀ ਦਾ ਨਿਆਉਂ ਕਰਨ ਲਈ ਆ ਰਿਹਾ ਹੈ, ਉਹ ਜਗਤ ਦਾ ਧਰਮ ਨਾਲ, ਅਤੇ ਲੋਕਾਂ ਦਾ ਆਪਣੀ ਸਚਿਆਈ ਨਾਲ ਨਿਆਉਂ ਕਰੇਗਾ॥ (ਜ਼ਬੂਰ 96:13)।

ਸੰਸਾਰ ਦੇ ਲੋਕਾਂ (ਗੈਰ ਕੌਮਾਂ) ਨੂੰ ਹਨੇਰੇ ਵਿੱਚੋਂ ਬਾਹਰ ਲਿਆਉਣ ਲਈ ਪਰਮੇਸ਼ੁਰ ਦੀ ਇੱਕ ਵਿਸ਼ੇਸ਼ ਯੋਜਨਾ ਹੈ। ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਮਸੀਹ ਨੂੰ ਕੀਮਤ ਚੁਕਾ ਕੇ ਮਨੁੱਖ ਨੂੰ ਸ਼ੈਤਾਨ ਦੇ ਪੰਜੇ ਤੋਂ ਛੁਡਾਉਣ ਲਈ ਭੇਜਿਆ। ਯਿਸੂ ਨੇ ਆਪਣਾ ਲਹੂ ਵਹਾ ਕੇ ਸਭਨਾਂ ਦੀ ਕੀਮਤ ਅਦਾ ਕੀਤੀ। ਜੇ ਕੋਈ ਸਲੀਬ ਨੂੰ ਵੇਖਦਾ ਹੈ ਅਤੇ ਇਕਰਾਰ ਕਰਦਾ ਹੈ ਕਿ ਯਿਸੂ ਮਸੀਹ ਉਸਦੀ ਮੁਕਤੀ ਲਈ ਸਲੀਬ 'ਤੇ ਮਰਿਆ, ਤਾਂ ਉਹ ਉਨ੍ਹਾਂ ਦੇ ਪਾਪਾਂ ਨੂੰ ਮਾਫ਼ ਕਰਕੇ ਉਨ੍ਹਾਂ ਨੂੰ ਆਪਣੇ ਪੁੱਤਰਾਂ ਅਤੇ ਧੀਆਂ ਬਣਾਉਂਦਾ ਹੈ (ਯੂਹੰਨਾ 1:12;3:16)।

ਅਤੇ ਪ੍ਰਭੂ ਪਰਮੇਸ਼ੁਰ ਦੇ ਹੱਥ ਨੇ ਗੈਰ-ਯਹੂਦੀਆਂ ਨੂੰ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ ਇੱਕ ਬਾਗੀ, ਪੌਲੁਸ ਨੂੰ ਚੁਣਿਆ। ਸਾਡਾ ਪ੍ਰਭੂ ਸਭਨਾਂ ਦੀ ਮੁਕਤੀ ਚਾਹੁੰਦਾ ਹੈ ਤਾਂ ਜੋ ਕੋਈ ਵੀ ਨਾਸ ਨਾ ਹੋਵੇ। ਇਜ਼ਰਾਏਲੀ, ਉਸਦੇ ਆਪਣੇ ਲੋਕਾਂ ਨੇ ਪ੍ਰਭੂ ਯਿਸੂ ਨੂੰ ਮਸੀਹਾ ਵਜੋਂ ਸਵੀਕਾਰ ਨਾ ਕੀਤਾ ਅਤੇ ਕੁਰਾਹੇ ਪੈ ਗਏ। ਉਨ੍ਹਾਂ ਨੇ ਆਪਣੇ ਦਿਲ ਨੂੰ ਕਠੋਰ ਕੀਤਾ, ਇਸ ਤਰ੍ਹਾਂ ਗੈਰ-ਯਹੂਦੀ ਲੋਕਾਂ ਲਈ ਮੁਕਤੀ ਦਾ ਰਾਹ ਖੁੱਲਿਆ ਜਿਵੇਂ ਅੰਜੀਰ ਦੇ ਦਰਖ਼ਤ ਨੂੰ ਅੰਗੂਰੀ ਬਾਗ਼ ਵਿੱਚ ਜਗ੍ਹਾ ਮਿਲਦੀ ਹੈ। ਅਰ ਹੁਣ ਉਹਨਾਂ ਨੂੰ ਨਤੀਜੇ/ਫਲ ਦੇਣੇ ਚਾਹੀਦੇ ਹਨ!

## ਜੈਤੂਨ ਦਾ ਰੁੱਖ

ਇਜ਼ਰਾਈਲ ਦੀ ਧਰਤੀ ਵਿੱਚ ਜੈਤੂਨ ਇੱਕ ਮਹੱਤਵਪੂਰਨ ਫਸਲ ਹੈ। ਜ਼ੈਤੂਨ ਦੇ ਦਰਖਤ ਅਤੇ ਅੰਗੂਰੀ ਬਾਗ ਮੁੱਖ ਫ਼ਸਲਾਂ ਹਨ ਜੋ ਇਜ਼ਰਾਈਲ ਦੇ ਹਰ ਹਿੱਸੇ ਵਿੱਚ ਪੈਦਾ ਹੁੰਦੀਆਂ ਹਨ। ਜੈਤੂਨ ਇੱਕ ਨਕਦੀ ਫਸਲ ਹੈ ਕਿਉਂਕਿ ਇਸਦੇ ਬੀਜ ਤੇਲ ਲਈ ਕੱਢੇ ਜਾਂਦੇ ਹਨ। ਜੈਤੂਨ ਦਾ ਤੇਲ ਦੁਨੀਆ ਭਰ ਵਿੱਚ ਬਹੁਤ ਮਸ਼ਹੂਰ ਹੈ।

ਅਸੀਂ ਦੇਖਿਆ ਹੈ ਕਿ ਜੈਤੂਨ ਇੱਕ ਨਕਦੀ ਫਸਲ ਹੈ। ਪਵਿੱਤਰ ਬਾਈਬਲ ਵਿਚ ਇਕ ਘਟਨਾ ਦਰਜ ਹੈ। ਇਸਰਾਏਲ ਦਾ ਇੱਕ ਨਬੀ ਕੁਝ ਕਰਜ਼ ਛੱਡ ਕੇ ਮਰ ਗਿਆ। ਉਸ ਦੇ ਲੈਣਦਾਰ ਆਉਂਦੇ ਅਤੇ ਵਿਧਵਾ ਨੂੰ ਕਰਜ਼ ਅਦਾ ਕਰਨ ਲਈ ਪ੍ਰੇਸ਼ਾਨ ਕਰਦੇ ਸਨ ਜਾਂ ਫਿਰ ਉਸਦੇ ਦੋ ਪੁੱਤਰਾਂ ਨੂੰ ਗੁਲਾਮਾਂ ਵਜੋਂ ਦੇਣ ਲਈ ਆਖਦੇ ਸਨ। ਬਿਨਾਂ ਕੁਝ ਜਾਣੇ ਕਿ ਕੀ ਕਰਨਾ ਹੈ, ਵਿਧਵਾ ਨਬੀ ਅਲੀਸ਼ਾ ਕੋਲ ਗਈ ਅਤੇ ਆਪਣੀ ਕਹਾਣੀ ਸੁਣਾਈ। ਨਬੀ ਨੇ ਉਸ ਨੂੰ ਕਿਹਾ, " ਤੁਹਾਡੇ ਘਰ ਵਿੱਚ ਕੀ ਹੈ? ਗਰੀਬ ਔਰਤ ਨੇ ਕਿਹਾ, ਘਰ ਵਿੱਚ ਇੱਕ ਕੁੱਪੀ ਤੇਲ ਤੋਂ ਇਲਾਵਾ ਕੁਝ ਨਹੀਂ ਹੈ। ਨਬੀ ਨੇ ਉਸਨੂੰ ਵੱਧ ਤੋਂ ਵੱਧ ਖਾਲੀ ਬਰਤਨ ਉਧਾਰ ਲੈਣ ਲਈ ਕਿਹਾ ਅਰ ਉਸਨੇ ਅਜਿਹਾ ਹੀ ਕੀਤਾ। ਅਲੀਸ਼ਾ ਨੇ ਉਸਨੂੰ ਦਰਵਾਜ਼ਾ ਬੰਦ ਕਰਕੇ ਸਾਰੇ ਖਾਲੀ ਭਾਂਡਿਆਂ ਵਿੱਚ ਤੇਲ ਭਰਨ ਲਈ ਆਖਿਆ ਅਤੇ ਉਸਨੇ ਸਾਰੇ ਭਾਂਡੇ ਭਰ ਲਏ। ਉਸਦੇ ਪੁੱਤਰ ਨੇ ਉਸਨੂੰ ਕਿਹਾ ਕਿ ਹੁਣ ਹੋਰ ਕੋਈ ਖਾਲੀ ਭਾਂਡਾ ਨਹੀਂ ਬਚਿਆ! ਤਾਂ ਤੇਲ ਵਹਿਣਾ ਬੰਦ ਹੋ ਗਿਆ। ਨਬੀ ਨੇ ਉਸ ਨੂੰ ਤੇਲ ਵੇਚ ਕੇ ਆਪਣਾ ਕਰਜ਼ਾ ਅਦਾ ਕਰਨ ਅਤੇ ਬਾਕੀ ਨਾਲ ਜੀਵਨ ਨਿਰਵਾਹ ਕਰਨ ਲਈ ਕਿਹਾ" (2 ਰਾਜਿਆਂ 4:1-7) ਕਰਜ਼ੇ ਤੋਂ ਮੁਕਤ ਹੋਣ ਲਈ ਜੈਤੂਨ ਦਾ ਤੇਲ ਉਸ ਲਈ ਮਦਦਗਾਰ ਬਣਿਆ।

ਪੌਲੁਸ, ਰੋਮੀਆਂ 11:17 ਵਿੱਚ ਦੱਸਦਾ ਹੈ ਕਿ ਇਸਰਾਏਲੀਆਂ ਦੀ ਕੀਮਤ 'ਤੇ ਗ਼ੈਰ-ਯਹੂਦੀ ਲੋਕਾਂ ਨੂੰ ਮੁਕਤੀ ਮਿਲੀ ਹੈ ਕਿਉਂਕਿ ਉਨ੍ਹਾਂ ਨੇ ਮੁਕਤੀਦਾਤਾ ਨੂੰ ਰੱਦ ਕਰ ਦਿੱਤਾ ਸੀ।

"ਪਰ ਜੇ ਡਾਲੀਆਂ ਵਿੱਚੋਂ ਕਈਕੁ ਤੋੜੀਆਂ ਗਈਆਂ ਅਤੇ ਤੂੰ ਜਿਹੜਾ ਜੰਗਲੀ ਜੈਤੂਨ ਸੈਂ ਉਨ੍ਹਾਂ ਵਿੱਚ ਪਿਓਂਦ ਚਾੜ੍ਹਿਆ ਗਿਆ ਅਤੇ ਜੈਤੂਨ ਦੀ ਜੜ੍ਹ ਦੇ ਰਸ ਦਾ ਸਾਂਝੀ ਹੋਇਆ ਹੈਂ" (ਰੋਮੀਆਂ 11:17)।

ਪੌਲੁਸ ਗੈਰ ਯਹੂਦੀਆਂ ਦੀ ਮੁਕਤੀ ਨੂੰ ਇਜ਼ਰਾਈਲੀਆਂ ਦੀ ਕੀਮਤ ਨਾਲ ਜੋੜਦਾ ਹੈ। ਇਸ ਦੇ ਲਈ, ਕੁਝ ਟਾਹਣੀਆਂ ਨੂੰ ਤੋੜ ਦਿੱਤਾ ਗਿਆ ਸੀ ਅਤੇ ਉਸ ਦੀ ਥਾਂ ਜੰਗਲੀ ਜੈਤੂਨ ਦੇ ਦਰੱਖਤ (ਗੈਰ-ਯਹੂਦੀਆਂ) ਨੂੰ ਰੋਪਿਆ ਗਿਆ ਸੀ। ਪ੍ਰਭੂ ਯਿਸੂ ਮਸੀਹ ਨੇ ਕਿਹਾ, "... ਕਿਉਂਕਿ ਮੁਕਤੀ ਯਹੂਦੀਆਂ ਤੋਂ ਹੈ..." (ਯੂਹੰਨਾ 4:22)। ਪੌਲੁਸ ਨੇ ਕਿਹਾ, "... ਕੁਝ ਕਠੋਰਤਾ ਇਸਰਾਏਲ ਉੱਤੇ ਆਣ ਪਈ ਹੈ ਅਤੇ ਪਈ ਰਹੇਗੀ ਜਿੰਨਾ ਚਿਰ ਪਰਾਈਆਂ ਕੌਮਾਂ ਦੀ ਭਰਪੂਰੀ ਨਾ ਹੋ ਲਵੇ" (ਰੋਮੀਆਂ 11:25)। ਇਸਰਾਏਲ ਦੇ ਲੋਕਾਂ ਦੇ ਇੱਕ ਹਿੱਸੇ ਨੇ ਆਪਣੇ ਦਿਲ ਨੂੰ ਕਠੋਰ ਕਰ ਲਿਆ ਸੀ ਅਤੇ ਉਹ ਇਸ ਤਰ੍ਹਾਂ ਹੀ ਰਹਿਣਗੇ ਜਦੋਂ ਤੱਕ ਗੈਰ-ਯਹੂਦੀ ਲੋਕਾਂ ਅੰਦਰ ਸੰਪੂਰਨਤਾ ਨਹੀਂ ਆ ਜਾਂਦੀ। ਇਸ ਲਈ, ਇਹ ਗ਼ੈਰ-ਯਹੂਦੀ ਲੋਕਾਂ ਲਈ ਹੈ ਕਿ ਉਹ ਮੁਕਤੀ ਹਾਸਲ ਕਰਨ ਦੇ ਮੌਕੇ ਦਾ ਫਾਇਦਾ ਉਠਾਉਣ ਅਤੇ ਪਰਮੇਸ਼ੁਰ ਦੇ ਰਾਜ ਵਿੱਚ ਦਾਖਲ ਹੋਣ ਯੋਗ ਬਣਨ।

ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਸੰਸਾਰ ਤੋਂ ਬੁਲਾਇਆ ਅਤੇ ਵਿਸ਼ੇਸ਼ ਤੋਹਫ਼ੇ ਦਿੱਤੇ ਜੋ ਦੂਜਿਆਂ ਲਈ ਨਹੀਂ ਹਨ। ਇਸ ਲਈ, ਪਰਮੇਸ਼ੁਰ ਦੁਆਰਾ ਲੋਕਾਂ ਨੂੰ ਦਿੱਤਾ ਗਿਆ ਸੱਦਾ ਅਤੇ ਦਾਤਾਂ ਅਟੱਲ ਹਨ (ਰੋਮੀਆਂ 11:29)।

ਇਸ ਲਈ ਮੁਕਤੀਦਾਤਾ ਸੀਯੋਨ ਤੋਂ ਆਵੇਗਾ ਅਤੇ ਯਾਕੂਬ ਅੰਦਰੋਂ ਅਵਿਸ਼ਵਾਸ ਨੂੰ ਦੂਰ ਕਰੇਗਾ।

ਪੁਨਰਉੱਥਾਨ ਤੋਂ ਬਾਅਦ, ਬਾਕੀ ਰਹਿ ਗਏ ਇਸਰਾਏਲੀਆਂ ਨੂੰ ਪਰਮੇਸ਼ੁਰ ਦੇ ਰਾਜ ਦੇ ਵਾਰਸ ਬਣਨ ਦਾ ਇੱਕ ਵਿਸ਼ੇਸ਼ ਮੌਕਾ ਮਿਲੇਗਾ। ਕਲੀਸਿਆ ਦੇ ਉਠਾ ਲਏ ਜਾਣ ਤੋਂ ਬਾਦ, ਚਾਰ ਦੂਤ ਧਰਤੀ ਦੀਆਂ ਚਾਰ ਹਵਾਵਾਂ ਨੂੰ ਫੜੇ ਹੋਏ ਦੇਖੇ ਗਏ, ਕਿ ਹਵਾ ਧਰਤੀ, ਸਮੁੰਦਰ ਜਾਂ ਕਿਸੇ ਰੁੱਖ 'ਤੇ ਨਾ ਵਗੇ। ਇੱਕ ਹੋਰ ਦੂਤ, ਜਿਸ ਕੋਲ ਜੀਵਤ ਪਰਮੇਸ਼ੁਰ ਦੀ ਮੋਹਰ ਸੀ, ਨੇ ਉੱਚੀ ਅਵਾਜ਼ ਵਿੱਚ ਚਾਰਾਂ ਦੂਤਾਂ ਨੂੰ ਪੁਕਾਰਿਆ ਅਤੇ ਕਿਹਾ, "ਧਰਤੀ, ਸਮੁੰਦਰ ਜਾਂ ਰੁੱਖਾਂ ਨੂੰ ਉਦੋਂ ਤੱਕ ਨੁਕਸਾਨ ਨਾ

ਪਹੁੰਚਾਓ ਜਦੋਂ ਤੱਕ ਅਸੀਂ ਆਪਣੇ ਪਰਮੇਸ਼ੁਰ ਦੇ ਸੇਵਕਾਂ ਦੇ ਮੱਥੇ ਉੱਤੇ ਮੋਹਰ ਨਾ ਲਗਾ ਦੇਈਏ"। 12,000 ਪ੍ਰਤੀ ਕਬੀਲੇ ਦੇ ਹਿਸਾਬ ਨਾਲ 1,44,000 ਲੋਕਾਂ ਉੱਤੇ ਮੋਹਰ ਲਗਾਈ ਗਈ। ਦਾਨ ਦੇ ਗੋਤਰ ਦਾ ਜ਼ਿਕਰ ਨਹੀਂ ਹੈ, ਅਤੇ ਇਸਦੀ ਥਾਂ 'ਤੇ ਮਨੱਸ਼ਹ ਦਾ ਕਬੀਲਾ ਮਿਲ ਕੇ ਕੁੱਲ 12 ਕਬੀਲਿਆਂ ਨੂੰ ਪੂਰਾ ਕਰਦਾ ਹੈ। ਇਹ ਸੀਲਬੰਦ ਵਿਅਕਤੀ ਬਿਪਤਾ ਦੇ ਪਹਿਲੇ ਸਾਢੇ 3 ਸਾਲਾਂ ਦੌਰਾਨ ਉਠਾਏ ਜਾਣਗੇ ਜਦੋਂ ਮਸੀਹ ਵਿਰੋਧੀ ਦੁਨੀਆਂ 'ਤੇ ਰਾਜ ਕਰੇਗਾ।

ਇਹ 1,44,000 ਮਨੁੱਖ ਪ੍ਰਭੂ ਯਿਸੂ ਮਸੀਹ ਦੇ ਖਾਸ ਲੋਕ ਹਨ ਕਿਉਂਕਿ ਉਹ ਔਰਤਾਂ ਨਾਲ ਭ੍ਰਿਸ਼ਟ ਨਹੀਂ ਹੋਏ। ਭਾਵ, ਇਹ ਉਹ ਹਨ ਜਿਨ੍ਹਾਂ ਪਰਕਾਸ਼ ਦੀ ਪੋਥੀ ਅਧਿਆਇ 17 ਦੀ ਮਹਾਨ ਵੇਸ਼ਵਾ ਦੀ ਮੂਰਤੀ ਪੂਜਾ ਨਾਲ ਆਪਣੇ ਆਪ ਨੂੰ ਪਲੀਤ ਨਹੀਂ ਕੀਤਾ। ਉਨ੍ਹਾਂ ਨੇ ਸਿੰਘਾਸਣ ਦੇ ਅੱਗੇ ਇੱਕ ਨਵਾਂ ਗੀਤ ਗਾਇਆ ਅਤੇ ਇਨ੍ਹਾਂ ਉੱਧਾਰ ਪਾਏ ਹੋਇਆਂ 1,44,000 ਲੋਕਾਂ ਤੋਂ ਇਲਾਵਾ ਕੋਈ ਵੀ ਉਸ ਗੀਤ ਨੂੰ ਨਹੀਂ ਸਿੱਖ ਸਕਦਾ ਸੀ। ਇਹ ਔਰਤਾਂ ਨਾਲ ਭ੍ਰਿਸ਼ਟ ਨਹੀਂ ਹੋਏ ਸਨ ਅਤੇ ਜਿੱਥੇ ਵੀ ਉਹ ਗਿਆ, ਉਹ ਲੇਲੇ ਦੇ ਮਗਰ ਮਗਰ ਗਏ। ਕਲੀਸਿਯਾ ਦੇ ਸਵਰਗਾਰੋਹਣ ਤੋਂ ਬਾਦ ਇਹ ਲੋਕਾਂ ਦਾ ਪਹਿਲਾ ਸਮੂਹ ਹੋਵੇਗਾ ਜੋ ਸਵਰਗ ਵਿੱਚ ਉਠਾਇਆ ਜਾਵੇਗਾ!

ਇਹ 1,44,000 ਲੋਕ ਕਲੀਸਿਆ ਦੇ ਨਾਲ ਉਠਾਏ ਨਹੀਂ ਜਾਣਗੇ ਕਿਉਂਕਿ ਉਹ ਸ਼ੁੱਧਤਾ ਅਤੇ ਸਮਰਪਣ ਦਾ ਮਿਆਰ ਨਹੀਂ ਮਿਲਿਆ ਸੀ। ਪਰ ਉਹ ਪਰਮੇਸ਼ੁਰ ਦੇ ਬਚਨ ਅਤੇ ਉਸ ਦੀਆਂ ਬਿਧੀਆਂ ਵਿੱਚ ਦ੍ਰਿੜ੍ਹ ਸਨ ਅਤੇ ਮੂਰਤੀ-ਪੂਜਾ ਦੁਆਰਾ ਉਨ੍ਹਾਂ ਦੀ ਉਲੰਘਣਾ ਨਹੀਂ ਕੀਤੀ। ਪਰਮੇਸ਼ੁਰ ਨੇ ਇਹ ਇੱਕ ਵਿਸ਼ੇਸ਼ ਚਿੰਨ੍ਹ ਠਹਿਰਾਇਆ।

## ਯਹੂਦਾਹ ਲਈ ਮੁਕਤੀ ਦਾ ਆਖ਼ਰੀ ਮੌਕਾ

ਪ੍ਰਭੂ ਅਜੇ ਵੀ ਯਹੂਦਾਹ ਦੇ ਬਾਕੀ ਬਚੇ ਲੋਕਾਂ ਨੂੰ ਬਚਾਉਣ ਦੀ ਇੱਛਾ ਰੱਖਦਾ ਹੈ ਜਿਹੜੇ ਸਵਰਗਾਰੋਹਣ ਅਰ 1,44,000 ਵਿਸ਼ੇਸ਼ ਲੋਕਾਂ ਸੰਗ ਉਠਾਏ ਨਹੀਂ ਗਏ। ਪਰਮੇਸ਼ੁਰ ਦਾ ਬਚਨ ਕਹਿੰਦਾ ਹੈ, "ਕਿਉਂਕਿ ਦਾਤਾਂ ਅਤੇ ਪਰਮੇਸ਼ੁਰ ਦਾ ਸੱਦਾ ਅਟੱਲ ਹੈ" (ਰੋਮੀਆਂ 11:29)।

ਹਾਲਾਂਕਿ ਉਨ੍ਹਾਂ ਨੇ ਮਸੀਹਾ ਨੂੰ ਰੱਦ ਕਰ ਦਿੱਤਾ ਸੀ, ਫੇਰ ਵੀ, ਪਰਮੇਸ਼ੁਰ ਵਫ਼ਾਦਾਰ ਹੈ। ਬਾਈਬਲ ਕਹਿੰਦੀ ਹੈ:

"ਮੈਂ ਦਾਊਦ ਦੇ ਘਰਾਣੇ ਉੱਤੇ ਅਤੇ ਯਰੂਸ਼ਲਮ ਦੇ ਵਾਸੀਆਂ ਉੱਤੇ ਕਿਰਪਾ ਅਤੇ ਬੇਨਤੀ ਦਾ ਆਤਮਾ ਵਹਾਵਾਂਗਾ ਅਤੇ ਓਹ ਮੇਰੀ ਵਲ ਜਿਸ ਨੂੰ ਓਹਨਾਂ ਨੇ ਵਿੰਨ੍ਹਿਆ ਸੀ ਤੱਕਣਗੇ ਅਤੇ ਉਸ ਦੇ ਲਈ ਸੋਗ ਕਰਨਗੇ ਜਿਵੇਂ ਕੋਈ ਆਪਣੇ ਇੱਕਲੌਤੇ ਲਈ ਸੋਗ ਕਰਦਾ ਹੈ ਅਤੇ ਓਹ ਉਸ ਦੇ ਲਈ ਵਿਲਕਣਗੇ ਜਿਵੇਂ ਕੋਈ ਆਪਣੇ ਪਲੌਠੇ ਲਈ ਵਿਲਕਦਾ ਹੈ " (ਜ਼ਕਰਯਾਹ 12:10)।

ਭਾਵੇਂ ਯਹੂਦੀਆਂ ਨੇ ਮਸੀਹਾ ਨੂੰ ਰੱਦ ਕਰ ਦਿੱਤਾ ਸੀ ਅਤੇ ਉਸ ਨੂੰ ਖੇਦਿਤ ਕੀਤਾ ਸੀ, ਪਰ ਯਹੋਵਾਹ ਨੇ ਯਹੂਦਾਹ ਉੱਤੇ ਕਿਰਪਾ ਅਤੇ ਰਹਿਮ ਕੀਤਾ ਅਤੇ ਉਹ ਉਨ੍ਹਾਂ ਦੇ ਮਾੜੇ ਕੰਮਾਂ ਲਈ ਸੋਗ ਕਰਨਗੇ। ਹਾਲਾਂਕਿ, ਆਖ਼ਰੀ ਦਿਨਾਂ ਵਿੱਚ, ਦੋ-ਤਿਹਾਈ ਕੱਟੇ ਜਾਣਗੇ ਅਤੇ ਮਰ ਜਾਣਗੇ (ਇਹ ਦੁਸ਼ਮਣ ਦੇ ਸ਼ਾਸਨ ਦੇ ਦੂਜੇ 3½ ਸਾਲ ਦੇ ਦੌਰਾਨ ਹੋਵੇਗਾ) ਅਤੇ ਇੱਕ ਤਿਹਾਈ ਅੱਗ ਦੁਆਰਾ ਬਚਾਇਆ ਜਾਵੇਗਾ, ਜੋ ਕਿ ਗੰਭੀਰ ਪਰੀਖਿਆ ਦੁਆਰਾ ਹੋਵੇਗਾ (ਜ਼ਕਰਯਾਹ 13:8,9)।

ਉਹ ਯਹੂਦੀ ਜਾਂ ਗੈਰ-ਯਹੂਦੀ ਭਾਗਾਂ ਵਾਲੇ ਹਨ ਜਿਹੜੇ ਸਵਰਗਾਰੋਹਣ ਵੇਲੇ ਅਸਮਾਨ ਵਿੱਚ ਚੁੱਕ ਲਏ ਜਾਣਗੇ। ਸਵਰਗ ਵਿੱਚ ਚੁੱਕ ਲਏ ਜਾਣ ਤੋਂ ਬਾਅਦ ਸਿਰਫ਼ ਯਹੂਦੀਆਂ ਨੂੰ ਪਰਮੇਸ਼ੁਰ ਦੇ ਰਾਜ ਵਿੱਚ ਪ੍ਰਵੇਸ਼ ਕਰਨ ਦਾ ਮੌਕਾ ਮਿਲੇਗਾ, ਉਹ ਵੀ ਜੋ ਪ੍ਰਮੇਸ਼ਵਰ ਨੂੰ ਫੜੀ ਰੱਖਣਗੇ ਅਰ ਸਖ਼ਤ ਇਮਤਿਹਾਨ ਨੂੰ ਪਾਸ ਕਰਨਗੇ! ਇਸ ਲਈ, ਅੱਜ ਮੁਕਤੀ ਦਾ ਦਿਨ ਹੈ ਅਤੇ ਪ੍ਰਭੂ ਯਿਸੂ ਮਸੀਹ ਨੂੰ ਗਲੇ ਲਗਾਉਣ ਅਤੇ ਉਠਾਏ ਜਾਣ ਦੀ ਤਿਆਰੀ ਕਰਨ ਦਾ ਅਤੇ ਉਸਦੇ ਬੱਚਿਆਂ ਦੇ ਰੂਪ ਵਿੱਚ ਜੀਉਣ ਦਾ ਸਹੀ ਸਮਾਂ ਹੈ।

ਅੰਗੂਰ ਇਸਰਾਏਲੀਆਂ ਦੇ ਜੀਵਨ ਵਿੱਚ ਮਹੱਤਵਪੂਰਨ ਹੈ।ਇਹ ਕਿਰਤ-ਸੰਬੰਧੀ ਉਦਯੋਗ ਹੈ। ਇਸ ਉਦਯੋਗ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹਨ। ਅੰਗੂਰ ਦਾ ਜੂਸ ਵਿਆਹ ਵਾਲੇ ਘਰਾਂ ਅਤੇ ਹੋਰ ਘਰੇਲੂ ਵਰਤੋਂ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ।

*....Contd. to page 9*


## Echo of His Call Postal Courses for candidates in India only

### 1. BIBLECOR

We offer Postal Course on Basic Truths of The Bible to new Christians and non-Christians in English – 57 pages, Hindi – 76 pages & Tamil – 96 pages. You will get a course book entitled **New Life – For You!** **After the completion of this course, you will get a certificate. There will be no compulsory fees. You will be blessed!**

### 2. THEOLOGICAL CORRESPONDENCE COURSE

Advanced Distance Education called **Theological Correspondence Course** is available in English – 537 pages and Tamil – 652 pages for Pastors, Evangelists, Christian Leaders and for lay people who have passion to do God's Ministry! A fee of Rs. 1000/- is charged. 7 Books with 149 Chapters are supplied. **Certificate in Ministry** will be awarded. **God will bless you!**

*For more details, write to us.*

**The Chairman, Nehemiah Bible College,**
Echo of His Call, Post Box 2957
CHEPAUK, CHENNAI - 600 005.
**Ph.: (044) 2852 8282, 2852 9293, 2854 7766,**
**Cell : 98410 71852, 95661 31858**
**E.mail : biblecor@yahoo.co.in**



## TAX EXEMPTION

Donations by any individual or organization from India to **Echo of His Call Educational Trust** are eligible for Income Tax exemption under Section 80G of the Income Tax Act. Official receipts will be issued for this purpose. Please make your Demand Drafts / Cheques / M.O. for such donations in favour of **Echo of His Call Educational Trust** and send to us.

| | | |
|---|---|---|
| **Account Name** | : | **ECHO OF HIS CALL EDUCATIONAL TRUST** |
| **Account Number** | : | **1023 2923 805** |
| **Bank Name** | : | **STATE BANK OF INDIA** |
| **Branch** | : | **TRIPLICANE, CHENNAI - 600 005** |
| **IFSC Code** | : | **SBIN 0000249** |
| **SWIFT Code** | : | **SBI NIN BB 455** |



# ਟੋਏ ਤੋਂ ਮਹੱਲ ਤੱਕ

## PIT TO PALACE

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

"ਜਿਹੜਾ ਪੜ੍ਹੇ, ਉਹ ਸਮਝੇ" (ਮੱਤੀ ੨੪:੧੫)

### ਮੇਰਾ ਪਾਲਣ ਪੋਸ਼ਣ ਕਿੰਝ ਹੋਇਆ?

### ਪ੍ਰਮੇਸ਼ਵਰ, ਜਿਹੜਾ ਛੋਟੇ ਬੱਚਿਆਂ ਨੂੰ ਪਿਆਰ ਕਰਦਾ ਹੈ

ਮੇਰਾ ਜਨਮ 3 ਜੂਨ, 1949 ਨੂੰ ਹੋਇਆ। ਕਿਉਂਕਿ ਮੈਂ ਆਪਣੇ ਪਰਿਵਾਰ ਵਿੱਚ ਪਹਿਲਾ ਪੁਰਸ਼ ਬੱਚਾ ਸੀ, ਮੇਰੇ ਮਾਤਾ-ਪਿਤਾ, ਦਾਦਾ-ਦਾਦੀ ਅਤੇ ਹੋਰ ਪਰਿਵਾਰਕ ਮੈਂਬਰ ਚਾਹੁੰਦੇ ਸਨ ਕਿ ਮੈਂ ਇੱਕ ਮਸੀਹੀ ਪਾਦਰੀ ਬਣਾਂ। ਇਸ ਲਈ ਉਨ੍ਹਾਂ ਨੇ ਮੈਨੂੰ ਪ੍ਰਾਰਥਨਾ ਅਤੇ ਬਾਈਬਲ ਦੇ ਗਿਆਨ ਅਨੁਸਾਰ ਪਾਲਿਆ।

ਮੈਨੂੰ ਚਰਚ ਵਿੱਚ ਬੱਚਿਆਂ ਦੇ ਸੰਡੇ



ਸਕੂਲ ਵਿੱਚ ਹਿੱਸਾ ਲੈਣ ਲਈ ਭੇਜਿਆ ਜਾਂਦਾ ਸੀ। ਸਾਡਾ ਚਰਚ ਝੋਨੇ ਦੇ ਖੇਤਾਂ ਦੇ ਵਿਚਕਾਰ ਸੀ ਅਤੇ ਚਰਚ ਤੱਕ ਪਹੁੰਚਣ ਲਈ ਕੋਈ ਸੜਕ ਨਹੀਂ ਸੀ। ਇਸ ਲਈ ਮੇਰੇ ਮਾਮੇ ਮੈਨੂੰ ਐਤਵਾਰ ਅਤੇ ਹੋਰ ਦਿਨ ਵੀ ਆਪਣੇ ਮੋਢਿਆਂ'ਤੇ ਚਰਚ ਲੈ ਕੇ ਜਾਂਦੇ ਸਨ। ਮੇਰੀ ਮਾਂ ਅਤੇ ਮੇਰੀ ਮਾਸੀ ਹਮੇਸ਼ਾ ਮੇਰੇ ਨਾਲ ਹੁੰਦੇ ਸਨ।

ਸੰਡੇ ਸਕੂਲ ਦੇ ਅਧਿਆਪਕ, ਰੇਵ. ਇਲੀਆਸ, ਬੇਬੀ, ਡੇਜ਼ੀ, ਸਿਸਟਰ ਰੇਥਮਨ, ਆਂਟੀ ਗਿਆਨਸੇਲਵਮ ਅਤੇ ਗ੍ਰੇਸ ਮੈਨੂੰ ਬਚਪਨ ਤੋਂ ਹੀ ਪ੍ਰਭੂ ਯਿਸੂ ਮਸੀਹ ਦੇ ਨਜ਼ਦੀਕ ਲੈ ਕੇ ਗਏ। ਮੈਂ ਇੱਕ ਔਸਤ ਬੱਚਾ ਸੀ ਅਤੇ ਬਿਮਾਰ ਰਹਿੰਦਾ ਸੀ। ਇਸ ਲਈ ਮੇਰੇ ਅਧਿਆਪਕ ਮੈਨੂੰ ਬਹੁਤ ਪਿਆਰ ਕਰਦੇ ਸਨ।

ਮੇਰੀ ਮਾਂ ਨੇ ਪੂਰੇ ਦਿਲ ਨਾਲ ਵਿਸ਼ਵਾਸ ਕੀਤਾ ਕਿ ਉਹ ਭਵਿੱਖ ਦੇ ਪਰਮੇਸ਼ੁਰ ਦੇ ਸੇਵਕ ਦੀ ਪਰਵਰਿਸ਼ ਕਰ ਰਹੀ ਸੀ। ਉਸਨੇ ਮੇਰੀ ਵਿਸ਼ੇਸ਼ ਦੇਖਭਾਲ ਕਰਨ ਨੂੰ ਪਰਮੇਸ਼ੁਰ ਦੀ ਸੇਵਾ ਸਮਝਿਆ ਅਤੇ ਇਸ ਲਈ ਉਸਨੇ ਇਹ ਯਕੀਨੀ ਬਣਾਇਆ ਕਿ ਮੈਂ ਚਰਚ ਵਿੱਚ ਸਵੇਰੇ, ਦੁਪਹਿਰ ਅਤੇ ਸ਼ਾਮ ਦੀਆਂ ਸਭਾਵਾਂ ਵਿੱਚ ਹਿੱਸਾ ਲਵਾਂ।

ਮੇਰੀ ਮਾਂ ਮੈਨੂੰ ਆਪਣੇ ਕੋਲ ਬਿਠਾਉਂਦੀ ਸੀ, ਮੈਨੂੰ ਗੀਤ ਗਾਉਣ ਅਤੇ ਪਰਮੇਸ਼ੁਰ ਦੇ ਬਚਨ ਨੂੰ ਧਿਆਨ ਨਾਲ ਸੁਣਨ ਲਈ ਉਤਸ਼ਾਹਿਤ ਕਰਦੀ ਸੀ। ਰੈਵ. ਆਈ.ਆਰ.ਐਚ. ਗਿਆਨਦਾਸਨ ਉਨ੍ਹੀਂ ਦਿਨੀਂ ਨੇਯੂਰ ਮੇਨ ਚਰਚ ਦੇ ਮੁੱਖ ਪਾਦਰੀ ਸਨ। ਉਨ੍ਹਾਂ ਨੇ ਮੈਨੂੰ ਸਮਰਪਿਤ ਕੀਤਾ ਅਤੇ ਮੇਰਾ ਨਾਮ ਸੈਮ ਸੇਲਵਾ ਰਾਜ (ਨਾਮਕਰਨ) ਰੱਖਿਆ। ਉਨ੍ਹਾਂ ਮੈਨੂੰ ਅਸੀਸ ਦਿੰਦੇ ਹੋਏ ਕਿਹਾ,"ਇਹ ਬੱਚਾ ਸਮੂਏਲ ਵਾਂਗ ਵਧੇਗਾ। ਉਹ ਇੱਕ ਅਮੀਰ ਆਦਮੀ ਵੀ ਹੋਵੇਗਾ ਅਤੇ ਪਰਮੇਸ਼ੁਰ ਦੇ ਪ੍ਰਮੁੱਖ ਸੇਵਕਾਂ ਵਿੱਚੋਂ ਇੱਕ ਹੋਵੇਗਾ।"

ਉਨ੍ਹਾਂ ਦਿਨਾਂ ਵਿਚ ਮੈਂ ਅਤੇ ਮੇਰੇ ਮਾਤਾ-ਪਿਤਾ ਕ੍ਰਿਸਮਿਸ ਦੌਰਾਨ ਬਹੁਤ ਖੁਸ਼ ਹੁੰਦੇ ਸੀ। ਬੱਚੇ ਬਾਈਬਲ ਦੀਆਂ ਆਇਤਾਂ ਨੂੰ ਯਾਦ ਕਰਦੇ, ਦੁਹਰਾਉਂਦੇ ਅਤੇ ਹਰ ਸਾਲ ਇਨਾਮ ਪ੍ਰਾਪਤ ਕਰਦੇ ਸਨ। ਮੈਨੂੰ ਉਹ ਆਇਤ ਯਾਦ ਹੈ ਜੋ ਮੈਂ ਸਾਲ 1952 ਵਿਚ ਚਰਚ ਵਿਚ ਸੁਣਾਈ ਸੀ:

"ਤਾਂ ਇੱਕ ਦਮ ਸੁਰਗ ਦੀ ਫ਼ੌਜ ਦਾ ਇੱਕ ਜੱਥਾ ਉਸ ਦੂਤ ਦੇ ਨਾਲ ਹੋ ਕੇ ਪਰਮੇਸ਼ੁਰ ਦੀ ਉਸਤਤ ਕਰਦਾ..." (ਲੂਕਾ 2:13)

1956 ਵਿੱਚ, ਜਦੋਂ ਮੈਂ 7 ਸਾਲਾਂ ਦਾ ਸੀ, ਮੈਂ ਸਾਡੇ ਪਾਦਰੀ, ਸਤਿਕਾਰਯੋਗ ਸ਼੍ਰੀ ਦੇਵਦਾਸ ਦਾ ਪ੍ਰਚਾਰ ਸੁਣ ਰਿਹਾ ਸੀ। ਉਸ ਸਮੇਂ ਪਵਿੱਤਰ ਆਤਮਾ ਨੇ ਆਪਣੇ ਆਪ ਨੂੰ ਮੇਰੇ ਉੱਤੇ ਸ਼ਕਤੀਸ਼ਾਲੀ ਢੰਗ ਨਾਲ ਪ੍ਰਗਟ ਕੀਤਾ। ਮੈਂ ਪ੍ਰਭੂ ਦਾ ਸੰਦੇਸ਼ ਸਾਫ਼-ਸਾਫ਼ ਸੁਣ ਰਿਹਾ ਸੀ ਕਿ ਪਰਮੇਸ਼ੁਰ ਮੈਨੂੰ ਪਿਆਰ ਕਰਦਾ ਹੈ। ਕਿਉਂਕਿ ਪਵਿੱਤਰ ਆਤਮਾ ਦਾ ਮਸਹ ਇੰਨਾ ਸਮਰੱਥੀ ??ਸੀ, ਮੈਂ ਉੱਚੀ-ਉੱਚੀ ਰੋਣ ਲੱਗ ਪਿਆ। ਮੈਂ ਸਪਸ਼ਟ ਤੌਰ ਤੇ ਮਹਿਸੂਸ ਕਰ ਸਕਦਾ ਸੀ ਕਿ ਪਰਮੇਸ਼ੁਰ ਦੀ ਮੌਜੂਦਗੀ ਮੇਰੇ ਅੰਦਰ ਆ ਰਹੀ ਸੀ। ਮੇਰੀ ਮਾਂ ਮੈਨੂੰ ਬੜੇ ਧਿਆਨ ਨਾਲ ਦੇਖ ਰਹੀ ਸੀ।

ਜਦੋਂ ਸੇਵਾ ਖਤਮ ਹੋ ਗਈ, ਮੈਂ ਆਪਣੀ ਮਾਂ ਨੂੰ ਪੁੱਛਿਆ, "ਮੰਮੀ, ਕੀ ਪਾਦਰੀ ਸਵਰਗ ਵਿੱਚ ਜਾ ਕੇ ਯਿਸੂ ਨੂੰ ਦੇਖਣਗੇ?" ਮੇਰੀ ਮਾਂ ਨੇ ਜਵਾਬ ਦਿੱਤਾ, "ਹਾਂ ਪੁੱਤਰ!" ਮੈਂ ਤੁਰੰਤ ਕਿਹਾ, "ਮੈਂ ਵੀ ਸਵਰਗ ਜਾਣਾ ਚਾਹੁੰਦਾ ਹਾਂ। ਮੈਂ ਉੱਥੇ ਯਿਸੂ ਨੂੰ ਵੇਖਣਾ ਚਾਹੁੰਦਾ ਹਾਂ! ਕੀ ਇਹ ਸੰਭਵ ਹੈ ਮਾਂ?" "ਜੇ ਤੁਸੀਂ ਇਸ ਧਰਤੀ ਵਿੱਚ ਰਹਿੰਦੇ ਹੋਏ ਯਿਸੂ 'ਤੇ ਭਰੋਸਾ ਕਰਦੇ ਹੋ ਅਤੇ ਦਿਲ ਵਿੱਚ ਉਸਨੂੰ ਸਵੀਕਾਰ ਕਰਦੇ ਹੋ, ਤਾਂ ਤੁਹਾਡੀ ਇੱਛਾ ਜ਼ਰੂਰ ਪੂਰੀ ਹੋਵੇਗੀ," ਮੇਰੀ ਮਾਂ ਨੇ ਕਿਹਾ।

ਇਸ ਤਰ੍ਹਾਂ, ਮੇਰੀ ਮਾਂ ਨੇ ਪ੍ਰਭੂ ਯਿਸੂ ਨੂੰ ਮੇਰੇ ਮੁਕਤੀਦਾਤਾ ਵਜੋਂ ਆਪਣੇ ਦਿਲ ਵਿੱਚ ਸਵੀਕਾਰ ਕਰਨ ਵਿੱਚ ਮੇਰੀ ਮਦਦ ਕੀਤੀ। ਉਸ ਦਿਨ ਤੋਂ ਮੈਂ ਆਪਣੇ ਅੰਦਰ ਇੱਕ ਵੱਖਰੀ ਆਤਮਾ ਨੂੰ ਅਤੇ ਮੈਂ ਹਮੇਸ਼ਾ ਪਰਮੇਸ਼ੁਰ ਦੀ ਮੌਜੂਦਗੀ ਨੂੰ ਮਹਿਸੂਸ ਕਰਨ ਲੱਗਾ।

ਮੈਨੂੰ ਸਰਕਾਰੀ ਪ੍ਰਾਇਮਰੀ ਸਕੂਲ, ਕੰਨਟੂਵਿਲਈ ਵਿੱਚ ਪਹਿਲੀ ਜਮਾਤ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਤਮਿਲ ਮੇਰੀ ਮੁੱਢਲੀ ਭਾਸ਼ਾ ਸੀ। ਮੇਰੀ ਦਾਦੀ ਮੈਨੂੰ ਰੋਜ਼ ਸਕੂਲ ਲੈ ਕੇ ਜਾਂਦੀ ਸੀ ਅਤੇ ਸੁਰੱਖਿਅਤ ਘਰ ਲੈ ਆਉਂਦੀ ਸੀ। ਜਦੋਂ ਮੈਂ ਸਕੂਲ ਜਾਂਦਾ ਸੀ ਤਾਂ ਮੇਰੀ ਮਾਂ ਹਰ ਰੋਜ਼ ਮੇਰੇ ਸਿਰ 'ਤੇ ਆਪਣਾ ਸੱਜਾ ਹੱਥ ਰੱਖਕੇ ਪ੍ਰਾਰਥਨਾ ਕਰਦੀ

ਸੀ: "ਪਿਆਰੇ ਪਰਮੇਸ਼ੁਰ, ਮੇਰਾ ਪੁੱਤਰ ਅੱਜ ਸਕੂਲ ਵਿੱਚ ਜੋ ਵੀ ਸਬਕ ਸਿੱਖਦਾ ਹੈ, ਉਹ ਭਵਿੱਖ ਵਿੱਚ ਤੁਹਾਡੇ ਰਾਜ ਦੇ ਵਿਸਥਾਰ ਲਈ ਮਦਦਗਾਰ ਹੋਵੇ!"

ਸਕੂਲ ਦੇ ਅਧਿਆਪਕਾਂ ਦਾ ਵੀ ਵਿਸ਼ਵਾਸ ਸੀ ਕਿ ਮੈਂ ਭਵਿੱਖ ਵਿੱਚ ਪਰਮੇਸ਼ੁਰ ਦਾ ਸੇਵਕ ਬਣਾਂਗਾ। ਇਸ ਲਈ, ਉਨ੍ਹਾਂ ਨੇ ਮੈਨੂੰ ਪਿਆਰ ਕੀਤਾ ਅਤੇ ਮੈਨੂੰ ਵਧੀਆ ਸਿੱਖਿਆ ਦਿੱਤੀ। ਪਰ ਮੈਂ ਉਦੋਂ ਇੱਕ ਸ਼ਰਾਰਤੀ ਮੁੰਡਾ ਸੀ। ਉਸ ਪਿੰਡ ਦੇ ਸਕੂਲ ਵਿੱਚ ਪੰਜਵੀਂ ਜਮਾਤ ਤੱਕ ਅੰਗਰੇਜ਼ੀ ਨਹੀਂ ਪੜ੍ਹਾਈ ਜਾਂਦੀ ਸੀ।

ਸਾਲ 1957 ਵਿਚ, ਮੈਨੂੰ ਸਾਡੇ ਸੰਡੇ ਸਕੂਲ ਦੀ ਮੁੱਖ ਅਧਿਆਪਿਕਾ ਸਿਸਟਰ ਰੇਥਨਾ ਨੇ ਦਸਿਆ ਕਿ ਮੇਰਾ ਨਾਮ 'ਬਾਈਬਲ ਆਇਤ ਪਾਠ ਮੁਕਾਬਲਾ' ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਉਸਨੇ ਕਿਹਾ, "ਜੇਕਰ ਇਹ ਪਰਮੇਸ਼ੁਰ ਦੀ ਮਰਜ਼ੀ ਹੈ, ਤਾਂ ਤੁਹਾਨੂੰ ਅਗਲੇ ਸਾਲ ਮੌਕਾ ਮਿਲੇਗਾ।"

ਮੇਰਾ ਦਿਲ ਟੁੱਟ ਗਿਆ ਅਤੇ ਰੋਂਦੇ ਹੋਏ ਆਪਣੀ ਮਾਂ ਨੂੰ ਸਾਰੀ ਗੱਲ ਦੱਸੀ। ਮੇਰੀ ਮਾਂ ਨੇ ਇਹ ਕਹਿੰਦੇ ਹੋਏ ਸੁਝਾਅ ਦਿੱਤਾ, "ਆਉਣ ਵਾਲੇ ਵੀਰਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਆਪਣਾ ਰਾਤ ਦਾ ਭੋਜਨ ਘਟਾਓ ਅਤੇ ਪਰਮੇਸ਼ੁਰ ਦੇ ਅੱਗੇ ਗੋਡੇ ਟੇਕ ਦਿਓ ਅਤੇ ਯਿਸੂ ਸਾਡੇ ਪਿਤਾ ਨੂੰ ਦੱਸੋ ਜੋ ਤੁਸੀਂ ਮੈਨੂੰ ਹੁਣੇ ਦੱਸਿਆ ਹੈ।" ਉਸਨੇ ਮੈਨੂੰ 2 ਗੀਤ ਵੀ ਸਿਖਾਏ:

1. "ਪਰਮੇਸ਼ੁਰ ਨੂੰ ਪਿਆਰ ਕਰਨ ਵਾਲਾ ਬੱਚਾ
ਮੁਸੀਬਤ ਵਿੱਚ ਨਹੀਂ ਡਰਦਾ
ਜਿਵੇਂ ਪੰਛੀ ਪਿੰਜਰੇ ਵਿੱਚ ਸੁਰੱਖਿਅਤ ਹੈ
ਯਿਸੂ ਆਪਣੀ ਸੇਵਾ ਲਈ ਤੁਹਾਡੀ ਰੱਖਿਆ ਖਰੇਗਾ..."

2."ਮੇਰੀ ਜਾਨ ਦੇ ਪਿਆਰੇ ਅਯਾਲੀ!
ਮੇਰੇ ਦਿਲ ਦੀ ਖੁਸ਼ੀ!
ਤੁਹਾਡੇ ਨੇੜੇ ਆਉਣ ਲਈ
ਮੈਂ ਜੋਸ਼ ਨਾਲ ਅੱਗੇ ਆਉਂਦਾ ਹਾਂ।
ਕੋਰਸ...
ਬੋਲੋ, ਬੋਲੋ ਜਦੋਂ ਮੈਂ ਪ੍ਰਾਰਥਨਾ ਕਰਦਾ ਹਾਂ!
ਮੈਨੂੰ ਆਪਣੀ ਇੱਛਾ ਦਿਖਾਓ,
ਉਸ ਅਨੁਸਾਰ ਕੰਮ ਕਰਨ ਲਈ ਤਿਆਰ

1. ਜੋ ਸੱਚੇ ਮੁਕਤੀਦਾਤੇ ਨੂੰ ਮੰਨਦੇ ਹਨ
ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਦਾ ਸਥਾਨ ਮਿਲਦਾ ਹੈ
ਇਹ ਥਾਂ ਮੈਨੂੰ ਵੀ ਪ੍ਰਾਪਤ ਕਰਨ ਦਿਓ
ਮੇਰੇ ਪਿਆਰੇ, ਮੇਰੀ ਪ੍ਰਾਰਥਨਾ ਸੁਣ
ਬੋਲੋ............

2. ਪਾਪੀਆਂ ਪ੍ਰਤੀ ਤੁਹਾਡਾ ਪਿਆਰ ਮੈ ਨੂੰ ਆਪਣੇ ਆਚਰਣ ਦੁਆਰਾ ਪ੍ਰਗਟ ਕਰਨ ਦਿਓ
ਕਲਵਰੀ ਦੀ ਆਤਮਾ ਦੁਆਰਾ ਮੈਨੂੰ ਮਸਹ ਕਰੋ
ਤਾਂ ਜੋ ਮੈਂ ਆਪਣੀਆਂ ਲੜਾਈਆਂ ਜਿੱਤ ਲਵਾਂ
ਬੋਲੋ............

3. ਮੇਰੇ ਜੀਵਨ ਦੇ ਸਾਰੇ ਦਿਨ
ਮੈਂ ਉਸ ਰਾਹ ਤੇ ਚੱਲਾਂਗਾ ਜਿਸ ਰਾਹ ਤੇ ਤੂੰ ਚੱਲਿਆ ਸੀ
ਮੈਂ ਆਪਣੀ ਮਰਜ਼ੀ ਨਾਲ ਸਭ ਕੁਝ ਦੇਵਾਂਗਾ
ਮੇਰੇ ਮੁਕਤੀਦਾਤਾ, ਮੈਨੂੰ ਆਪਣੀ ਸ਼ਕਤੀ ਦੇ ਦਿਓ"
ਬੋਲੋ............

ਮੈਂ ਉਨ੍ਹੀਂ ਦਿਨੀਂ ਇਹ ਗੀਤ ਗਾਉਂਦਾ ਰਿਹਾ ਅਤੇ ਯਿਸੂ ਅੱਗੇ ਹੰਝੂਆਂ ਨਾਲ ਪ੍ਰਾਰਥਨਾ ਕੀਤੀ ਕਿ ਮੈਨੂੰ ਕ੍ਰਿਸਮਸ ਵਾਲੇ ਦਿਨ ਆਪਣੇ ਚਰਚ ਵਿਚ ਇਕ ਆਇਤ ਬੋਲਣ ਦਾ ਮੌਕਾ ਮਿਲੇ।



ਪਹਿਲੀ ਵਾਰ, ਯਹੋਵਾਹ ਪਰਮੇਸ਼ੁਰ ਨੇ ਮੇਰੀ ਪ੍ਰਾਰਥਨਾ ਦਾ ਜਵਾਬ ਦਿੱਤਾ। ਜਦੋਂ ਸਾਡਾ ਪਰਿਵਾਰ ਉਸ ਐਤਵਾਰ ਸਵੇਰੇ ਚਰਚ ਜਾ ਰਿਹਾ ਸੀ, ਸਾਡੇ ਪਾਦਰੀ ਦੇਵਦਾਸ ਸਾਨੂੰ ਰਸਤੇ ਵਿੱਚ ਮਿਲੇ। ਉਸ ਸਮੇਂ ਉਹ ਅਚਾਨਕ ਮੇਰੇ ਵੱਲ ਮੁੜੇ ਅਤੇ ਪੁੱਛਿਆ, "ਇਸ ਕ੍ਰਿਸਮਸ ਲਈ ਉਨ੍ਹਾਂ ਨੇ ਤੁਹਾਨੂੰ ਕਿਹੜੀ ਆਇਤ ਜਾਂ ਗੀਤ ਦਿੱਤਾ ਹੈ?" ਮੇਰੀ ਮਾਂ ਨੇ ਕਿਹਾ, "ਕੁਝ ਨਹੀਂ।"

ਪਾਦਰੀ ਨੇ ਮੈਨੂੰ ਕਿਹਾ,"ਹੋਰ ਬੱਚੇ ਸਿਰਫ਼ ਇੱਕ ਆਇਤ ਹੀ ਸੁਣਾਉਣਗੇ ਪਰ ਤੁਹਾਨੂੰ ਜ਼ਬੂਰ 23 ਦੀਆਂ ਸਾਰੀਆਂ ਆਇਤਾਂ ਸੁਣਾਉਣੀਆਂ ਹਨ। ਮੈਂ ਜ਼ਬੂਰ 23 ਦੀਆਂ ਸਾਰੀਆਂ ਛੇ ਆਇਤਾਂ ਸਿੱਖੀਆਂ ਅਤੇ ਸਭਾ ਵਿੱਚ ਬਿਨਾਂ ਕਿਸੇ ਗਲਤੀ ਦੇ ਸੁਣਾਈਆਂ। ਇਸ ਲਈ, ਉਨ੍ਹਾਂ ਨੇ ਮੈਨੂੰ ਪਹਿਲੇ ਇਨਾਮ ਲਈ ਚੁਣਿਆ ਅਤੇ ਮੈਨੂੰ ਇੱਕ ਸੁੰਦਰ ਸਾਬਣਦਾਨੀ ਤੋਹਫ਼ੇ ਵਿੱਚ ਦਿੱਤੀ। ਇਸ ਘਟਨਾ ਨੇ ਮੇਰੇ ਅੰਦਰ ਬਹੁਤ ਖੁਸ਼ੀ ਅਤੇ ਹਿੰਮਤ ਪੈਦਾ ਅਤੇ ਮਸੀਹ ਵੱਲ ਮੇਰੇ ਰੁਝਾਨ ਨੂੰ ਵਧਾਇਆ।

**********

**Echo of His Call - YouTube**

Kindly view and subscribe our **Echo of His Call YouTube Channel** when you get time. Thanks. – Editor

(ਚਲਦਾ ਸਫਾ 7 ਤੋਂ)

ਅੰਜੀਰ ਦਾ ਦਰੱਖਤ ਇੱਕ ਉੱਚਾ ਵਧਣ ਵਾਲਾ ਰੁੱਖ ਹੈ, ਜੋ ਚਾਰੇ ਪਾਸੇ ਟਹਿਣੀਆਂ ਫੈਲਾਉਂਦਾ ਹੈ। ਇਹ ਇਜ਼ਰਾਈਲ ਵਿੱਚ ਜਗ੍ਹਾ ਜਗ੍ਹਾ ਉੱਗਦਾ ਹੈ। ਇਹ ਭਾਰਤ ਵਿੱਚ ਵੀ ਉੱਗਦਾ ਹੈ। ਇਹ ਇੱਕ ਫਾਈਬਰ ਭੋਜਨ ਵਜੋਂ ਵਰਤਿਆ ਜਾਂਦਾ ਹੈ ਅਤੇ ਇਲਾਜ ਲਈ ਵੀ ਇਸਤੇਮਾਲ ਹੁੰਦਾ ਹੈ। ਇਹ ਰੁੱਤਾਂ ਵਿੱਚ ਫਲ ਦਿੰਦਾ ਹੈ। ਇੱਕ ਦਿਨ ਯਿਸੂ ਅਤੇ ਉਸਦੇ ਚੇਲੇ ਬੈਤਅਨੀਆ ਤੋਂ ਬਾਹਰ ਜਾ ਰਹੇ ਸਨ। ਯਿਸੂ ਨੂੰ ਭੁੱਖ ਲੱਗੀ। ਉਸਨੂੰ ਹਰਾ ਭਰਾ ਇੱਕ ਅੰਜੀਰ ਦਾ ਦਰਖਤ ਵਿਖਾਈ ਦਿੱਤਾ। ਯਿਸੂ ਨੇ ਫਲ ਦੀ ਭਾਲ ਕੀਤੀ, ਪਰ ਕੁਝ ਨਾ ਮਿਲਿਆ । ਯਿਸੂ ਨੇ ਅੰਜੀਰ ਦੇ ਰੁੱਖ ਨੂੰ ਸਰਾਪ ਦਿੱਤਾ ਸੀ ਕਿ "ਕੋਈ ਵੀ ਤੇਰੇ ਤੋਂ ਫਲ ਨਹੀਂ ਖਾਵੇਗਾ" (ਮਰਕੁਸ 11:12-14)।

'ਅੰਗੂਰਾਂ ਦੇ ਬਾਗ ਵਿਚ ਅੰਜੀਰ ਦਾ ਰੁੱਖ' ਯਹੂਦੀਆਂ ਦੇ ਨਾਲ ਗੈਰ-ਯਹੂਦੀ ਲੋਕਾਂ ਦੀ ਕਲਮ ਨੂੰ ਦਰਸਾਉਂਦਾ ਹੈ। ਕਿਉਂਕਿ ਮੁਕਤੀ ਯਹੂਦੀਆਂ ਤੋਂ ਹੈ; ਪਰਮੇਸ਼ੁਰ ਨੇ ਆਪਣੀ ਭਰਪੂਰ ਮਿਹਰ ਵਿੱਚ, ਇਸ ਨੂੰ ਗੈਰ ਕੌਮਾਂ ਨੂੰ ਵੀ ਦਿੱਤਾ। ਗ਼ੈਰ ਕੌਮਾਂ ਨੂੰ ਇਹ ਮੌਕਾ ਗੁਆਉਣਾ ਨਹੀਂ ਚਾਹੀਦਾ ਹੈ ਅਤੇ ਫਲ ਦੇਣਾ ਚਾਹੀਦਾ ਹੈ ਅਜਿਹਾ ਨਾ ਹੋਵੇ ਕਿ ਕਿਤੇ ਉਹ ਅੱਗ ਵਿਚ ਸੁੱਟੇ ਜਾਣ।

ਜੈਤੂਨ ਇੱਕ ਨਕਦੀ ਫਸਲ ਹੈ। ਇਹ ਇਜ਼ਰਾਈਲ ਵਿੱਚ ਥਾਂ ਥਾਂ ਉੱਗਦਾ ਹੈ। ਇਹ ਆਪਣੇ ਤੇਲ ਲਈ ਮਸ਼ਹੂਰ ਹੈ। ਇਹ ਖਾਣਾ ਪਕਾਉਣ, ਰੋਸ਼ਨੀ ਅਤੇ ਹੋਰ ਚਿਕਿਤਸਕ ਉਦੇਸ਼ਾਂ ਲਈ ਵਰਤਿਆ ਜਾਂਦਾ ਹੈ। ਇਸ ਨੂੰ ਚਿਹਰੇ 'ਤੇ

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23

ਲਗਾਉਣ ਨਾਲ ਚਿਹਰੇ 'ਤੇ ਚਮਕ ਆਉਂਦੀ ਹੈ।

"ਦਾਖ ਰਸ ਜਿਹੜੀ ਇਨਸਾਨ ਦੇ ਦਿਲ ਨੂੰ ਅਨੰਦ ਕਰਦੀ ਹੈ, ਅਤੇ ਤੇਲ ਜਿਹੜਾ ਉਹ ਦੇ ਮੁਖੜੇ ਨੂੰ ਚਮਕਾਉਂਦਾ ਹੈ, ਨਾਲੇ ਰੋਟੀ ਜਿਹੜੀ ਇਨਸਾਨ ਦੇ ਦਿਲ ਨੂੰ ਤਕੜਿਆਂ ਕਰਦੀ ਹੈ॥" (ਜ਼ਬੂਰ 104:15)।

ਆਓ ਅਸੀਂ ਕੌਮਾਂ ਲਈ ਅੰਗੂਰ, ਅੰਜੀਰ ਅਤੇ ਜੈਤੂਨ ਦੇ ਵਾਂਗ ਲਾਭਦਾਇਕ ਬਣੀਏ ਅਤੇ ਇਸ ਤੋਂ ਵਧੀਕ ਸਾਡੇ ਉੱਧਾਰਕਰਤਾ ਅਤੇ ਮੁਕਤੀਦਾਤਾ ਯਿਸੂ ਮਸੀਹ ਲਈ ਵੀ ਲਾਭਦਾਇਕ ਬਣੀਏ! ਹਾਲੇਲੂਯਾਹ!

***

## OUR BANK DETAILS:

### *1. Bank : State Bank of India*

| | | |
|---|---|---|
| Branch | : | **Triplicane, Chennai-5** |
| Name | : | **S. Sam Selva Raj** |
| A/C No. | : | **1023 2934 679** |
| IFSC | : | **SBIN 00 00 249** |
| SWIFT CODE | : | **SBI NIN BB 455** |

### *2. Bank : ICICI Bank*

| | | |
|---|---|---|
| Branch | : | **Anna Salai, Chennai-6** |
| Name | : | **Echo of His Call** |
| A/C No. | : | **6038 0502 2319** |
| IFSC | : | **ICIC 000 6038** |

### *3. Bank : State Bank of India*

**(This Account is for Tax Exemption for Indians only )**

| | | |
|---|---|---|
| Branch | : | **Triplicane, Chennai-5** |
| Name | : | **Echo of His Call Educational Trust** |
| A/C No. | : | **1023 2923 805** |
| IFSC | : | **SBIN 00 00 249** |

**Google Pay: 98410 71858**
**PayPal : SAM SELVA RAJ**

*****

**E.mail : sam@echoofhiscall.org**

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੁਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

**ਸਲਾਨਾ ਚੰਦਾ 100/- ਰੁ:** **ਜੀਵਨ ਭਰ ਲਈ ਚੰਦਾ: 2000/- ਰੁ:**

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਖੁਸ਼ਖਬਰੀ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

Our address :
**ECHO OF HIS CALL**
10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.com

**YOU CAN SEND YOUR DONATIONS BY ONLINE ALSO**

RNI NO. 2000/1914
Postal Regn. No. TN/CH/(C)/192/21-23
WPP NO. TN/PMG(CCR) / WPP- 263/21-23
Date of Publication: Third week of every month
Date of Posting : 19th & 20th of every month
Posted at "Egmore RMS / 1 Patrika Channel"
on 21st MARCH 2022
If un-delivered please return to:
**ECHO OF HIS CALL (PUNJABI)**
P.O. Box No. 2957,
Chepauk, Chennai - 600 005, INDIA.
Phone: (+ 91- 44) 2852 8282, 2852 9293, 2854 7766

***JESUS LOVES YOU!***

**To**

*GOD BLESS YOU!*

Owned and published by **S. Sam Selva Raj** from New No. 8 & 10, Old No. 18 & 19, Mohammed Abdullah 2nd Street, Chepauk, Chennai-600 005 and printed by him at **Echo of His Call Printers**, New No. 8 & 10, Old No. 18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**